# ਅਰਜ਼ੀ ਖ਼੍ਵਾਬ

ਆਤਮਜੋਤ ਸਿੰਘ



# ਲਫ਼ਜ਼ੀ ਖ਼੍ਵਾਬ

# ਲਫ਼ਜ਼ੀ ਖ਼੍ਵਾਬ

ਆਤਮਜੋਤ ਸਿੰਘ

*Poetry*

**Lafzi Khwab**
**by**
**Atamjot Singh**
**s/o**

Gursharn Singh, Malkinder Kaur
182, Phase-3, Urban Estate, Patiala
Pin Code : 147002
Mob : 7888594324
E-mail : atamjot12@gmail.com

2019
Published Lokgeet Parkashan
printed & bound by Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com
Ph. +91-172-5027427, 5027429, 4027552

*© 2019*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

ਲਫ਼ਜ਼ੀ ਇਸ਼ਕ
ਆਫ਼ਰੀਨ ਕੁਦਰਤ
ਉੱਤਮ ਸ਼ਾਹ
ਦੇ ਨਾਮ

# ਤਤਕਰਾ


- ਸ਼ੁਭ ਅਸੀਸ 9
- ਪੁਨੀਤ ਆਤਮਾ ਦਾ ਸ਼ਬਦੀ ਪ੍ਰਕਾਸ਼ 11
- ਰਮਜ਼ੀ ਖ਼੍ਵਾਬਾਂ ਅੰਦਰ ਤਾਰੀਆਂ ਲਾਉਣ ਵਾਲਾ ਕਵੀ 16
- ਕਾਸ਼ਨੀ ਅਲਫ਼ਾਜ਼ 18
- ਤੇਰਾ ਜ਼ਿਕਰ 25
- ਡੂੰਘੀ ਰਾਤ 27
- ਫ਼ੁਹਾਰਾ 29
- ਫੁੱਲ 30
- ਖ਼੍ਵਾਬੀ ਮੰਜ਼ਰ 31
- ਮੁਸਾਫ਼ਰ ਪਰਤ ਆਏ 33
- ਇਸ਼ਕ ਦੀ ਬਾਤ 34
- ਰਾਤ ਦੀਵਾਨੀ 36
- ਅਜ਼ੀਜ਼ 37
- ਸੁਣਿਆ ਕਦੇ ? 40
- ਫ਼ਰਿਆਦ 42
- ਨੂਰ 44
- ਸ਼੍ਰੋਮਣੀ ਅੱਖਰ-੧ 46
- ਸ਼੍ਰੋਮਣੀ ਅੱਖਰ-੨ 47
- ਅਸੀਂ ਜੀਅ ਚੁੱਕੇ 49
- ਖ਼੍ਵਾਬ 51
- …ਹੈ ਵੇਖਿਆ 53
- ਪਹਿਲਾਂ ਹੰਝੂ ਚੋਏਗਾ 54
- ਖ਼ੈਰਾਂ ਦੀ ਗੱਲ 55
- ਪਿਆਰ ਵਾਲੇ ਨਗਮੇਂ 56
- ਲਾਹੌਰ 57
- ਤੂੰ ਹੀ ਸ਼ਾਹ ਸੁਲਤਾਨ 59
- ਵਿਸਰੀਆਂ ਅੱਖੀਆਂ 61
- ਢੂੰਡ ਫਿਰੀ 63
- ਨਾਨਕਾਇ 65
- ਸਿਫ਼ਤ-ਏ-ਭਗੌਤੀ 66
- ਇਸ਼ਕ ਦੀ ਨਮਾਜ਼ 68
- ਨਦੀ ਦਾ ਗੀਤ 70
- ਮੇਰੀ ਆਤਮਾ ਪੜ੍ਹੀਂ 72
- ਪੁਰਾਣੀ ਕਲਾ 75
- ਖ਼ਾਕ 76
- ਸਿਫ਼ਤ-ਏ-ਕਲਮ 78
- ਕਵਿਤਾ ਦੀ ਨਬਜ਼ 79
- ਰਾਜਾਨੁ 81
- ਖ਼ਿਆਲ 84
- ਲਤੀਫ਼ਾ 87
- ਖ਼ੁਦਾਇ 88
- ਪਰਲੋ 89
- ਮੈਂ ਇਸ਼ਕ ਹਾਂ 91
- ਜਲਦ ਮਿਲਾਂਗੇ 93

## ਸ਼ੁਭ ਅਸੀਸ

ਲਫ਼ਜ਼ਾਂ ਨਾਲ ਧੁਰ ਅੰਦਰ ਦਿਲ ਦੀਆਂ ਗਹਿਰਾਈਆਂ ਵਿਚ ਪਨਪਦੇ ਵਲਵਲਿਆਂ ਨੂੰ ਪ੍ਰਗਟ ਕੀਤਾ ਜਾ ਸਕਦਾ ਹੈ। ਆਤਮਜੋਤ ਸਿੰਘ ਨੇ ਆਪਣੇ ਮਨ 'ਚ ਪੈਦਾ ਹੋਏ ਜਜ਼ਬਾਤਾਂ ਨੂੰ 'ਲਫ਼ਜ਼ੀ ਖ਼੍ਵਾਬ' ਪੁਸਤਕ ਰਾਹੀਂ ਬਿਆਨ ਕਰਨ ਦਾ ਬਾਖ਼ੂਬੀ ਯਤਨ ਕੀਤਾ ਹੈ। ਆਤਮਜੋਤ ਦੀਆਂ ਕਵਿਤਾਵਾਂ ਨੂੰ ਪੜ੍ਹ ਕੇ ਮਨ 'ਚ ਧਰਵਾਸ ਪੈਦਾ ਹੁੰਦਾ ਹੈ ਕਿ ਇਹ ਆਪਣੇ ਮੂਲ ਧੁਰੇ ਤੋਂ ਪਾਸੇ ਨਹੀਂ ਹੋਇਆ ਸਗੋਂ ਜੁੜਿਆ ਰਿਹਾ ਹੈ। ਮਨ 'ਚ ਸਕੂਨ ਪੈਦਾ ਹੁੰਦਾ ਹੈ ਜਦੋਂ ਉਹ 'ਮੈਂ ਇਸ਼ਕ ਹਾਂ' ਕਵਿਤਾ ਰਾਹੀਂ ਲਿਖਦਾ ਹੈ :

ਨਾਮ ਦੀ ਵਰਖਾ ਨਾਲ ਭਿੱਜੀ ਹੋਈ ਜ਼ਮੀਨ ਹਾਂ
ਕਾਰਜਾਂ ਦੇ ਮੱਥਿਆਂ 'ਚ ਧਰਮਾਂ ਦਾ ਯਕੀਨ ਹਾਂ
ਅੰਤਰ-ਗਤ ਸੁਣਾ ਰਹੀ ਕਿਤਾਬ ਆਫ਼ਰੀਨ ਹਾਂ
ਖ਼ਾਕ ਨੂੰ ਪਾਕ ਮੰਨਦਿਆਂ ਬਣਿਆ ਮਸਕੀਨ ਹਾਂ
ਮੈਂ ਇਸ਼ਕ ਹਾਂ, ਮੇਰੇ ਅਫ਼ਸਾਨੇ ਤੋਂ ਮੇਰਾ ਦਿਲ ਵਾਕਿਫ਼ ਹੈ।

ਆਤਮਜੋਤ ਸਿੰਘ ਨੇ ਦੈਵੀ ਜੋਤ ਨਾਲ ਇਕਸੁਰ ਹੋਣ ਲਈ ਮਜ੍ਹਬੀ ਕੱਟੜਤਾ ਨੂੰ ਅਪ੍ਰਵਾਨ ਕਰਦਿਆਂ ਹੋਇਆਂ ਗੁਰਮਤਿ ਆਸ਼ੇ ਮੁਤਾਬਕ ਪਰਮਾਤਮਾ ਨੂੰ ਆਪਣੇ ਅੰਦਰੋਂ ਭਾਲਣ ਦਾ ਯਤਨ ਕੀਤਾ ਹੈ। 'ਢੂੰਡ ਫਿਰੀ' ਕਵਿਤਾ ਰਾਹੀਂ ਉਹ ਆਪਣੇ ਜਜ਼ਬਾਤਾਂ ਨੂੰ ਇਸ ਤਰ੍ਹਾਂ ਪ੍ਰਗਟ ਕਰਦਾ ਹੈ :

ਢੂੰਡ ਰਿਹਾਂ ਮੈਂ ਮਨ ਤਨ ਅੰਦਰ
ਭੇਤ ਅਚੰਭੇ ਫ਼ਕੀਰਾਂ ਦੇ
ਫ਼ਿਕਰਾਂ ਕੋਲੋਂ ਉਡ ਜਾਂਦੇ
ਪੰਛੀ ਰੋਂਦੇ ਨਾ ਪਿੱਛੇ ਲਕੀਰਾਂ ਦੇ।

ਅਤੇ ਇਸੇ ਤਰ੍ਹਾਂ ਦੇ ਵਿਚਾਰ 'ਇਸ਼ਕ ਦੀ ਨਮਾਜ਼' ਕਵਿਤਾ ਵਿੱਚ ਨਿਮਨ ਲਿਖਤ ਅਨੁਸਾਰ ਵਿਅਕਤ ਕੀਤੇ ਹਨ :

ਜਦ ਮਜ਼੍ਹਬਾਂ ਦਾ ਟੋਲਾ ਸੱਚ ਦੇ ਰਾਹ ਪਏਗਾ
ਮੁਸਲਿਮ ਰਾਮ ਗਾਉਣ ਵਾਲੀ ਨੂੰ ਮਾਂ ਕਹੇਗਾ
ਸਦਾ ਸਲਾਮਤ ਇਹ ਜਹਾਂ ਰਹੇਗਾ
ਅਸਮਾਨ ਬਾਗਾਂ ਅੰਦਰ ਰੰਗ ਬਿਖੇਰੇਗਾ
ਜਦ ਸ਼ਬਦਾਂ ਦੀ ਸੋਭਾ ਸ਼ਾਹੀ ਅਲੰਕਾਰ ਭਰੇਗਾ
ਜਦ ਸੰਘਣੇ ਪੱਤਿਆਂ ਵਿੱਚੋਂ ਸੂਰਜ ਲਿਸ਼ਕੇਗਾ
ਜਦ ਵਕ਼ਤ ਸੋਹਣਾ ਕਿਰਦਾਰ ਘੜੇਗਾ
ਮੇਰਾ ਮਨ ਫਿਰ ਤੜਪੇਗਾ
ਮੈਂ ਫਿਰ ਇਸ਼ਕ ਦੀ ਨਮਾਜ਼ ਪੜ੍ਹਾਂਗਾ॥

ਗੁਰੂ ਮਿਹਰ ਕਰੇ! ਇਸ ਕਵੀ ਨੂੰ ਬਲ, ਬੁੱਧੀ ਤੇ ਸਮਰੱਥਾ ਪ੍ਰਦਾਨ ਕਰੇ। ਇਸ ਅੰਦਰ ਰੱਬੀ ਸੁਹੱਪਣ ਦੇ ਚਸ਼ਮੇ ਸਦਾ ਫੁੱਟਦੇ ਰਹਿਣ ਤੇ ਇਸ ਦੀ ਕਲਮ ਪਰਵਰਦਗਾਰ ਦੇ ਸੋਹਿਲੇ ਗਾਉਂਦੀ ਰਹੇ। ਮੇਰੀ ਇਹੀ ਦਿਲੀ ਕਾਮਨਾ ਹੈ ਇਹੀ ਅਰਦਾਸ ਹੈ :

ਪੂਤਾ ਮਾਤਾ ਕੀ ਆਸੀਸ॥
ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ
ਸਦਾ ਭਜਹੁ ਜਗਦੀਸ॥

ਸ਼ੁਭ ਅਸੀਸਾਂ ਸਹਿਤ

**ਡਾ. ਮਲਕਿੰਦਰ ਕੌਰ**
ਪ੍ਰੋਫ਼ੈਸਰ ਤੇ ਸਾਬਕਾ ਮੁਖੀ,
ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਪੁਨੀਤ ਆਤਮਾ ਦਾ ਸ਼ਬਦੀ ਪ੍ਰਕਾਸ਼

ਆਤਮਜੋਤ ਸਿੰਘ ਦੀ ਜੇਠੀ ਪੁਸਤਕ 'ਲਫ਼ਜ਼ੀ ਖ਼੍ਵਾਬ' ਪੁਨੀਤ ਆਤਮਾ ਦਾ ਸ਼ਬਦੀ ਪ੍ਰਕਾਸ਼ ਹੈ।

## ੳ

**ਪਹਿਲੀ ਨਜ਼ਰ**

ਪਹਿਲੀ ਨਜ਼ਰੇ ਆਤਮਜੋਤ ਸਿੰਘ ਦੀਆਂ ਕਵਿਤਾਵਾਂ ਕਿਸੇ ਦੁਨਿਆਵੀ ਰਿਸ਼ਤੇ ਵਾਲੇ 'ਸੋਹਣੇ' ਨੂੰ ਸੰਬੋਧਤ ਲਗਦੀਆਂ ਹਨ ਪਰ ਜਦੋਂ ਇਨ੍ਹਾਂ ਦੀ ਰਮਜ਼ ਨੂੰ ਨੀਝ ਲਾ ਕੇ ਸੁਣੀਂਦਾ ਹੈ ਤਾਂ ਇਹ "ਸੋਹਣਾ" ਉਸ ਰੂਪ ਵਿਚ ਸਾਕਾਰ ਹੋਣ ਲਗਦਾ ਹੈ ਜਿਸ ਨੂੰ ਆਤਮਕ ਦ੍ਰਿਸ਼ਟੀ ਤੋਂ ਬ੍ਰਹਿਮੰਡ ਦਾ ਮੂਲ ਮੰਨੀਂਦਾ ਹੈ।

ਇਸ "ਸੋਹਣੇ" ਦਾ ਆਮ ਨਾਮ ਰੱਬ ਹੈ ਪਰ ਬਾਬੇ ਨਾਨਕ ਦੀ ਗੁਰੂ ਮੱਤ ਅਨੁਸਾਰ ਇਸ ਨੂੰ 'ਅਕਾਲ ਪੁਰਖ' ਆਖੀਦਾ ਹੈ।

ਆਤਮਜੋਤ ਸਿੰਘ ਦੀ ਹਰ ਕਵਿਤਾ ਅੰਦਰੋਂ ਇਸ ਦੀ ਸੁਗੰਧ ਆਉਂਦੀ ਹੈ। ਨਿੱਕੀ ਉਮਰੇ ਇਸ ਪੱਧਰ ਦੀ ਸ਼ਬਦ ਰਚਨਾ ਕਰਨੀ ਆਤਮਜੋਤ ਸਿੰਘ ਅੰਦਰ ਨਿਵਾਸ ਕਰਦੀ ਰੂਹਾਨੀ ਸਿਰਜਣਾਤਮਕ ਪ੍ਰਤਿਭਾ ਦੀ ਕਨਸੋ ਪਾਉਂਦੀ ਹੈ।

ਇੱਕੀਵੀਂ ਸਦੀ ਦੀ ਪੰਜਾਬੀ ਕਵਿਤਾ ਵਿਚ ਉਸ ਦੀ ਇਹ ਪੁਸਤਕ ਬਹੁਤ ਸੰਭਾਵਨਾਵਾਂ ਨਾਲ ਭਰਪੂਰ ਹੈ।ਪੰਜਾਬੀ ਦੇ ਸਿਰਜਣਾਤਮਕ ਸਾਹਿਤ ਅੰਦਰ ਇਹ ਪੁਸਤਕ ਨਿਵੇਕਲੀ ਪਹਿਚਾਣ ਬਣਾਉਂਦੀ ਮਹਿਸੂਸ ਹੋ ਰਹੀ ਹੈ।

**ਅ**

**ਇਕੋ ਨਾਮ**

ਪੰਜਾਬੀ ਲੋਕ, ਖਾਸ ਕਰਕੇ ਸਿੱਖ ਪੰਜਾਬੀ ਲੋਕ ਬਾਬੇ ਨਾਨਕ ਰਾਹੀਂ 'ਅਕਾਲ ਪੁਰਖ' ਨੂੰ ਆਪਣਾ ਸਾਹ ਮੰਨਦੇ ਹਨ। ਆਤਮਜੋਤ ਸਿੰਘ ਦੀਆਂ ਕਵਿਤਾਵਾਂ ਵੀ ਇਸ ਸੱਚ ਦੀ ਪੁਸ਼ਟੀ ਕਰਦੀਆਂ ਹਨ। ਇਨ੍ਹਾਂ ਵਿਚ ਇਸ ਸੱਚ ਦਾ ਬਹੁਤ ਹੀ ਸੂਖਮ ਢੰਗ ਨਾਲ ਸਹਿਜ ਪ੍ਰਕਾਸ਼ ਹੁੰਦਾ ਹੈ। ਇਹ ਪ੍ਰਕਾਸ਼ ਐਨਾ ਸਹਿਜ ਹੈ ਕਿ ਕਵੀ ਮਨ ਦਾ ਕੋਈ ਵੀ ਸ਼ਬਦ ਵਿਸ਼ੇਸ਼ ਯਤਨ ਦਾ ਧਾਰਨੀ ਨਹੀਂ ਲਗਦਾ ਸਗੋਂ ਆਪ ਮੁਹਾਰੇ ਲਿਖਿਆ ਗਿਆ ਮਹਿਸੂਸ ਹੁੰਦਾ ਹੈ। ਸਮੁੱਚੀਆਂ ਕਵਿਤਾਵਾਂ ਵਿਚ ਨਾਨਕ ਨਾਲ ਰਬਾਬ ਵੀ ਅਕਾਲਪੁਰਖ ਦਾ ਹੀ ਨਾਮ ਹੋ ਗਈ ਹੈ। ਇਹ ਤਿੰਨੋ ਸ਼ਬਦ ਇਕੋ-ਭਾਵੀ ਹੋ ਗਏ ਹਨ।

ਇਸ ਪੁਸਤਕ ਦੀ ਇਹ ਸਿਫ਼ਤ ਇਸ ਨੂੰ ਹੋਰ ਵੀ ਵਡਭਾਗੀ ਬਣਾਉਂਦੀ ਹੈ।

**ੲ**

**ਇਕ ਰੰਗ**

ਇਸ ਪੁਸਤਕ ਦੇ ਨਿਵੇਕਲੇ ਰੰਗ ਨੂੰ ਮਾਨਣ ਲਈ ਹੇਠ ਲਿਖੇ ਕਾਵਿ-ਬੰਦਾਂ ਦਾ ਪਾਠ ਅਨੰਦਮਈ ਹੋਵੇਗਾ:

ਨਰਾਜ਼ ਗ਼ਜ਼ਲਾਂ ਨੇ ਸੁਰਾਂ ਨਾਲ ਰਾਜ਼ੀ ਹੋ ਜਾਣਾ
ਜਦ ਰਬਾਬੀ ਧੁਨਾਂ ਨੇ ਧੜਕਣ ਨਾਲ ਇਕ ਹੋ ਜਾਣਾ
ਤੇਰਾ ਜ਼ਿਕਰ ਏ ਹੋਣਾ।

(ਤੇਰਾ ਜ਼ਿਕਰ)

ਤੇਰੇ ਹੱਥ ਦੀਆਂ ਲੀਕਾਂ 'ਚੋਂ ਦਰਿਆ ਵਹਿੰਦੇ ਨੇ
ਸੂਰਜ ਨਮਨ ਕਰ ਤੇਰੇ ਚਰਨੀਂ ਲਹਿੰਦੇ ਨੇ

ਸੁਣਿਆ ਲਾਹੌਰੋਂ ਪੰਛੀ ਆਣ ਹਰਿਮੰਦਰ ਬਹਿੰਦੇ ਨੇ
ਤੇਰੇ ਹੀ ਲਫ਼ਜ਼ਾਂ ਨੂੰ ਲਿਖਾਰੀ ਲੁਗ਼ਤ ਕਹਿੰਦੇ ਨੇ
ਤੇਰੀ ਇਹ ਸਿਫ਼ਤ ਤੇ ਕਰਾਮਾਤ ਹੀ
ਤੇਰੇ ਇਸ਼ਕ ਦੀ ਬਾਤ ਹੈ।

(ਇਸ਼ਕ ਦੀ ਬਾਤ)

ਅੱਜ ਫੁੱਲ ਫਿਰ ਤੋਂ ਖਿੜ ਉੱਠੇ ਨੇ
ਚਾਵਾਂ ਭਰੇ ਮੋਰ ਪੈਲਾਂ ਪਾ ਰਹੇ ਨੇ
ਚਿੜੀਆਂ ਨੇ ਇਕ ਮਹਿਫ਼ਲ ਲਾਈ
ਮਿੱਠੀ ਕੂਕ 'ਚ ਸੁਣੀਆਂ ਤਰੰਗਾਂ
ਮਰਦਾਨੇ ਦੇ ਰਬਾਬ ਦੀਆਂ।

(ਮੁਸਾਫ਼ਰ ਪਰਤ ਆਏ)

**ਸ**

**ਉਮੰਗ**

ਇਨ੍ਹਾਂ ਕਵਿਤਾਵਾਂ ਦੀ ਇਕ ਖ਼ੂਬੀ ਜੋਸ਼ ਭਰਪੂਰ ਉਮੀਦ ਦਾ ਆਲਮ ਸਿਰਜਣਾ ਹੈ ਅਤੇ ਉਸ ਅੰਦਰ ਜੀਵਨ ਜਿਊਣ ਦੀ ਉਮੰਗ ਨੂੰ ਪਾਲਣਾ ਹੈ।

**ਹ**

**ਸਮਕਾਲ**

ਇਹ ਕਵਿਤਾਵਾਂ ਸੰਨ ਸੰਤਾਲੀ ਦੀ ਪੀੜ ਨੂੰ ਵੀ ਮਹਿਸੂਸ ਕਰਵਾਉਂਦੀਆਂ ਹਨ।

ਗੁਰੂ ਗੋਬਿੰਦ ਸਿੰਘ ਦੇ ਸੰਦੇਸ਼ ਨੂੰ ਵੀ ਸਮਝਾਉਂਦੀਆਂ ਹਨ ਅਤੇ ਸਰਹਿੰਦ ਦੇ ਸਾਕੇ ਨੂੰ ਵੀ ਸਿਮਰਦੀਆਂ ਹਨ।

ਇਹ ਵੇਖਣ ਵਾਸਤੇ 'ਲਾਹੌਰ', 'ਤੂੰ ਹੀ ਸ਼ਾਹ ਸੁਲਤਾਨ' ਕਵਿਤਾਵਾਂ

ਪੜ੍ਹਕੇ ਕਵਿਤਾ 'ਢੂੰਡ ਫਿਰੀ' ਦਾ ਇਹ ਬੰਦ ਵੀ ਵਾਚੋ :

ਵੇ ਢੂੰਡਣ ਨੂੰ ਤੂੰ ਆਪਾ ਢੂੰਡ
ਹਰ ਦਰ 'ਤੇ ਸਿਰ ਨੀ ਝੁਕਾਈਦਾ
ਜਾ ਪੁੱਛ ਲੈ ਸਰਹਿੰਦ ਦੀ ਮਿੱਟੀ ਤੋਂ
ਕਿੰਝ ਵਫ਼ਾ ਲਈ ਸਭ ਲੁਟਾਈਦਾ।

**ਕ**

**ਸਿਫ਼ਤ**

ਆਤਮਜੋਤ ਸਿੰਘ ਦੀਆਂ ਕਵਿਤਾਵਾਂ ਵਿਚ ਰਮੇ ਖ਼ਿਆਲ ਰਵਾਨਗੀ ਭਰਪੂਰ ਹਨ। ਕੋਈ ਵੀ ਕਵਿਤਾ ਬੋਝਲ ਤੇ ਬਣਾਉਟੀ ਸੁਭਾਅ ਦੀ ਧਾਰਨੀ ਨਹੀਂ ਹੈ।

ਇਨ੍ਹਾਂ ਦੀ ਤੋਰ ਦਰਿਆ ਦੀ ਉਸ ਰਵਾਨਗੀ ਵਰਗੀ ਹੈ ਜਿਹੜਾ ਹਾਲੇ ਹੁਣੇ ਹੀ ਆਪਣੇ ਸੋਮੇ ਅੰਦਰੋਂ ਫੁੱਟੇ ਸੁੱਚੇ ਪਾਣੀਆਂ ਸਮੇਤ ਪਹਾੜਾਂ 'ਚੋਂ ਰਾਹ ਬਣਾਉਂਦਾ ਤੁਰਨ ਲੱਗਾ ਹੋਵੇ। ਪੁਨੀਤ-ਭਾਵੀ ਸ਼ਬਦਾਂ ਨਾਲ ਰਚੀਆਂ ਇਨ੍ਹਾਂ ਕਵਿਤਾਵਾਂ ਨੂੰ ਪੜ੍ਹਦਿਆਂ ਮਨ ਰੂਹਾਨੀ ਰਸ ਨਾਲ ਸੁਆਦ ਸੁਆਦ ਹੋਣ ਲਗਦਾ ਹੈ।

ਰੂਪ ਪੱਖੋਂ ਇਹ ਕਵਿਤਾਵਾਂ, ਗੀਤ, ਗ਼ਜ਼ਲ ਤੇ ਨਜ਼ਮ ਵਰਗੀਆਂ ਹੁੰਦੀਆਂ ਹੋਈਆਂ ਵੀ ਆਪਣੇ ਖ਼ਿਆਲਾਂ ਨੂੰ ਨਵਾਂ ਅੰਦਾਜ਼ ਪ੍ਰਦਾਨ ਕਰਾਉਣ ਦਾ ਯਤਨ ਕਰਦੀਆਂ ਹਨ।

ਪੂਰੀ ਪੁਸਤਕ ।।ਸੋਹਣੇ।। ਦੇ ਅਹਿਸਾਸ ਨਾਲ ਝੂਮਦੀ ਇਕੋ ਹੀ ਕਵਿਤਾ ਹੋ ਗਈ ਹੈ।

ਇਹ ਪੁਸਤਕ ਆਤਮਜੋਤ ਸਿੰਘ ਦੇ ਇਕਾਗਰ ਚਿੱਤ ਦੀ ਸੁੱਚੀ ਸਿਰਜਣਾ ਹੈ।

**ਖ**

## ਅਸੀਸ

ਆਤਮਜੋਤ ਸਿੰਘ ਦੀ ਇਹ ਜੇਠੀ ਪੁਸਤਕ ਇਕ ਉਮੀਦ 'ਤੇਰਾ ਜ਼ਿਕਰ' ਨਾਲ ਖੁਲ੍ਹਦੀ ਹੈ ਤੇ 'ਜਲਦ ਮਿਲਾਂਗੇ' ਦੇ ਭਰੋਸੇ ਨਾਲ ਸੰਪੂਰਨ ਹੁੰਦੀ ਹੈ।

ਕਿਤਾਬ ਦਾ ਹਰ ਲਫ਼ਜ਼ ਉਮੰਗ ਭਰਪੂਰ ਹੈ।

ਪੁਸਤਕ 'ਲਫ਼ਜ਼ੀ ਖ਼੍ਵਾਬ' ।।ਸੋਹਣੇ।। ਦੀ ਦੀਦਾਰ ਨਿਸ਼ਾਨੀ ਹੈ।

ਨਿਸ਼ਾਨੀ ਸੰਭਾਲਯੋਗ ਹੁੰਦੀ ਹੈ।

ਇਸ ਵਿਸ਼ਵਾਸ ਨਾਲ ਆਤਮਜੋਤ ਸਿੰਘ ਦੀ ਇਹ ਜੇਠੀ ਕਿਤਾਬ ਅਸੀਸ ਯੋਗ ਹੈ।

ਅਪ੍ਰੈਲ 2019 (ਵਿਸਾਖੀ)

**ਡਾ. ਗੁਰਨਾਇਬ ਸਿੰਘ**
ਪ੍ਰੋ਼ਫ਼ੈਸਰ ਤੇ ਸਾਬਕਾ ਮੁਖੀ,
ਭਾਈ ਵੀਰ ਸਿੰਘ ਚੇਅਰ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਰਮਜ਼ੀ ਖ਼੍ਵਾਬਾਂ ਅੰਦਰ ਤਾਰੀਆਂ ਲਾਉਣ ਵਾਲਾ ਕਵੀ ਆਤਮਜੋਤ ਸਿੰਘ

ਅਧਿਆਤਮਕ ਅਤੇ ਪ੍ਰਾਕ੍ਰਿਤਕ ਮੰਜ਼ਰਾਂ ਦਾ ਚਾਹਵਾਨ ਲਿਖਾਰੀ ਆਤਮਜੋਤ ਸਿੰਘ ਇਕ ਰੌਸ਼ਨ ਦਿਮਾਗ ਦਾ ਮਾਲਕ ਹੈ। ਇਸ ਕਿਤਾਬ ਦੀਆਂ ਕਵਿਤਾਵਾਂ ਨੂੰ ਪੜ੍ਹਕੇ ਮਾਨੋ ਆਪਣਾ ਆਪ ਕਿਸੇ ਰੱਬੀ ਵਜ਼ਦ ਵਿਚ ਆ ਜਾਂਦਾ ਹੈ। ਕਵਿਤਾਵਾਂ ਵਿਚ ਕੀਤੇ ਪ੍ਰਾਕ੍ਰਿਤੀ ਚਿੱਤਰਨ ਸੱਚਮੁਚ ਮਨ ਨੂੰ ਮੋਹ ਲੈਣ ਵਾਲੇ ਹਨ। ਇਨ੍ਹਾਂ ਕਵਿਤਾਵਾਂ ਨੂੰ ਪੜ੍ਹਕੇ ਇਉਂ ਮਹਿਸੂਸ ਹੁੰਦਾ ਹੈ, ਮਾਨੋ ਆਤਮਜੋਤ ਇਕ ਐਸਾ ਪਰਿੰਦਾ ਹੈ, ਜਿਸ ਦੇ ਜਿਸਮ ਤੋਂ ਪਰਵਰਦਗਾਰ ਦੀ ਤਲਾਸ਼ ਕਾਰਨ ਖੰਭ ਉੱਗ ਆਏ ਹੋਣ ਤੇ ਹੁਣ ਉਹ ਕਦੇ ਉੱਚੇ ਅੰਬਰਾਂ ਵਿਚ ਉਡਾਰੀਆਂ ਲਾਉਂਦਾ ਤੇ ਕਦੇ ਰੁੱਖਾਂ 'ਤੇ ਚਹਿਚਹਾਉਂਦੇ ਹੋਰ ਪਰਿੰਦਿਆਂ ਨਾਲ ਪ੍ਰੇਮ ਭਾਵ ਸਾਂਝੇ ਕਰਦਾ ਹੈ। ਉਸ ਦਾ ਮਨ ਕਾਦਰ ਤੇ ਕਾਦਰ ਦੁਆਰਾ ਸਾਜੀ ਕੁਦਰਤ ਤੋਂ ਮੋਹਿਆ ਗਿਆ ਹੈ। ਕਾਦਰ ਅਤੇ ਕੁਦਰਤ ਦੇ ਜਲਵੇ ਤੋਂ ਸਮੁੱਚੀ ਮਾਨਵ ਕੌਮ ਬਹੁਤ ਪ੍ਰਭਾਵਿਤ ਹੈ। ਸੋ ਇਹ ਕਵਿਤਾਵਾਂ ਮਾਨਵ ਨੂੰ ਉਸਦੇ ਆਪੇ ਨਾਲ ਮਿਲਾਉਂਦੀਆਂ ਤੇ ਵਿਸਮਾਦੀ ਰਸ ਭਰਨ ਦਾ ਕੰਮ ਕਰਦੀਆਂ ਹਨ। ਇਸ ਤੋਂ ਇਲਾਵਾ ਇਨ੍ਹਾਂ ਕਵਿਤਾਵਾਂ ਵਿਚ ਆਈਆਂ ਇਨਕਲਾਬੀ ਗੱਲਾਂ ਕਿਸੇ ਆਜ਼ਾਦ ਸੋਚ ਨੂੰ ਜਨਮ ਦਿੰਦੀਆਂ ਹਨ। ਮੈਂ ਤੋਂ 'ਤੂੰ' ਹੋਣ ਵਾਲੀ ਤੜਪ ਬਿਰਹੋਂ ਦੇ ਭਾਵਾਂ ਨੂੰ ਵਿਅਕਤ ਕਰਦੀ ਹੈ, ਜੋ ਹਰ ਜਗਿਆਸੂ ਅੰਦਰ ਕਾਦਰ ਪ੍ਰਤੀ ਤਾਂਘ ਨੂੰ ਹੋਰ ਗੂੜ੍ਹਾ ਕਰ ਦਿੰਦੀ ਹੈ। ਗੁਰੂ ਸਾਹਿਬਾਨ ਨੂੰ ਆਪਣੇ ਸਨਮੁਖ ਰੱਖਕੇ ਧਾਰਮਿਕ ਜਗਤ ਅੰਦਰ ਪੱਬ ਰੱਖਣ ਦੀ ਕਲਾ, ਹਰਿਮੰਦਰ ਦਾ ਕੀਰਤਨ-ਰਸ, ਸ਼੍ਰੋਮਣੀ ਅੱਖਰਾਂ ਦਾ ਆਗਾਜ਼, ਖੈਰਾਂ ਦੀਆਂ ਗੱਲਾਂ, ਯੋਧਿਆਂ ਦਾ ਸਤਿਕਾਰ ਤੇ ਲਾਹੌਰ ਪ੍ਰਤੀ ਪਾਕ ਮੁਹੱਬਤ ਆਦਿ ਕਵਿਤਾਵਾਂ ਵਿਚ ਮੌਜੂਦ ਅਜਿਹੀਆਂ ਰੌਸ਼ਨ ਰਿਸ਼ਮਾਂ ਹਨ, ਜੋ ਗੰਨੇ ਦੇ ਰਸ ਵਾਂਗ ਮਿੱਠੀਆਂ ਜਾਪਦੀਆਂ ਹਨ। ਇਨ੍ਹਾਂ ਕਵਿਤਾਵਾਂ ਦੁਆਰਾ ਹਰ

ਕੋਈ ਖ਼੍ਵਾਬਾਂ ਦੇ ਸਾਗਰ 'ਚ ਤਾਰੀਆਂ ਲਾ ਸਕਦਾ ਹੈ। ਇਨ੍ਹਾਂ ਸਾਗਰਾਂ ਵਿਚੋਂ ਲਫ਼ਜ਼ਾਂ ਦੇ ਮੋਤੀ ਕੱਢਕੇ, ਉਨ੍ਹਾਂ ਨੂੰ ਇਕ ਲੜੀ ਵਿਚ ਪ੍ਰੋਣ ਦਾ ਕੰਮ ਕਵੀ ਨੇ ਬਹੁਤ ਹੀ ਸੁਹਜਮਈ ਢੰਗ ਨਾਲ ਪੂਰਾ ਕੀਤਾ ਹੈ। ਸੋ ਜ਼ਾਹਿਰ ਹੈ ਕਿ 'ਲਫ਼ਜ਼ੀ ਖ਼੍ਵਾਬ' ਆਪਣੇ ਆਪ ਵਿਚ ਇਕ ਢੁੱਕਵਾਂ ਸਿਰਲੇਖ ਹੈ। ਮੇਰੀ ਦਿਲੀ ਤਮੰਨਾ ਹੈ ਕਿ ਆਤਮਜੋਤ ਸਿੰਘ ਅਧਿਆਤਮਕ ਗਿਆਨ ਵਿਚ ਵਿਗਸਦਾ ਰਹੇ, ਰੌਸ਼ਨ ਰਹੇ। ਰੱਬੀ ਰਮਜ਼ਾਂ ਦੇ ਮਹਿਲ ਅੰਦਰ ਅਕਸਰ ਉਸਦਾ ਵਾਸਾ ਰਹੇ।

**ਰਜਿੰਦਰ ਕੌਰ**
ਰਿਸਰਚ ਸਕਾਲਰ,
ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਕਾਸ਼ਨੀ ਅਲਫ਼ਾਜ਼

ਤਾਰਿਆਂ ਦੀ ਲਿਸ਼ਕ ਦੀ ਨਕਲ ਕਰਦੇ ਪਾਣੀ 'ਚ ਘੁਲੇ ਮੋਤੀ, ਹਰਿਆਂ ਮੈਦਾਨਾਂ ਨੂੰ ਸੋਂਹਦੇ ਸਰੋਂ ਦੇ ਹੁਲਾਰੇ, ਬੇਲਿਆਂ ਦੇ ਵਿਚ ਲੁਕਣ ਮੀਚੀ ਖੇਡਦਾ ਚੰਨ ਦਾ ਚਾਨਣ, ਧੁੱਪਾਂ ਦੀ ਗ਼ਜ਼ਲ ਜੋ ਸ਼ਾਮ ਗਾਉਂਦੀ ਹੈ, ਰੰਗ ਜੋ ਅਸਮਾਨ ਤੋਂ ਫੜ ਫੜ ਕੇ ਧਰਤੀ ਦੇ ਬੀਂਡਿਆਂ ਦੀ ਪਿੱਠ 'ਤੇ ਸਜਾਏ ਜਾਂਦੇ ਨੇ, ਮੇਰੇ ਖ਼ਿਆਲ, ਮੇਰੇ ਖ਼੍ਵਾਬ, ਮੇਰੇ ਅੱਖਰ, ਇਹਨਾਂ ਤੋਂ ਹੀ ਉਪਜੇ ਹਨ। ਮੇਰੇ ਇਸ਼ਕ ਦੀ ਕਹਾਣੀ ਇਹਨਾਂ ਤੋਂ ਹੀ ਸ਼ੁਰੂ ਹੁੰਦੀ ਹੈ। ਮੇਰਾ ਮਨ ਇਹਨਾਂ ਨਜ਼ਾਰਿਆਂ ਦੇ ਇਰਦ ਗਿਰਦ ਹੀ ਆਪਣਾ ਜਹਾਂ ਵਸਾ ਲੈਂਦਾ ਹੈ। ਫਿਰ ਇਕ ਦਿਨ ਕੰਨੀ ਮਿੱਠੀ ਜਿਹੀ ਧੁਨ ਪੈਂਦੀ ਹੈ। ਇਸ ਦੇ ਬਾਅਦ ਚਿੜੀਆਂ ਦਾ ਚਹਿਚਹਾਉਣਾ, ਵਣਾਂ 'ਚ ਲੱਗੀ ਰੱਬ ਦੇ ਗੀਤਕਾਰਾਂ ਦੀ ਮਹਿਫ਼ਲ ਦੀ ਗੁਫ਼ਤਗੂ ਹੋਰ ਵੀ ਸੁਰੀਲੀ ਹੋ ਜਾਂਦੀ ਹੈ, ਜਿਸ ਦਾ ਵਿਕਾਸ ਕਿਸੇ ਰਬਾਬ ਵਿਚੋਂ ਪੈਦਾ ਹੋਇਆ ਲੱਗਦਾ ਹੈ। ਇਹ ਸੋਚ ਦੇ ਬੂਹੇ ਖੜਕਾਉਣ ਤੇ ਇਸ਼ਕ ਨੂੰ ਹੁੰਗਾਰਾ ਦੇਣ ਵਾਲੀ ਬਾਂਗ ਵਰਗੀ ਹੁੰਦੀ ਹੈ। ਇਕ ਖ਼ਤ ਵੀ ਮਿਲਦਾ ਹੈ, ਜਿਸ ਦੇ ਅੱਖਰਾਂ ਦੀ ਲਾਲੀ ਇੰਨੀ ਕੁ ਤੇਜ ਹੁੰਦੀ ਹੈ ਕਿ ਜਿਵੇਂ ਸੂਰਜ ਨੇ ਆਪਣਾ ਸਭ ਤੋਂ ਸੱਜਰਾ ਹਿੱਸਾ ਪਿਘਲਾ ਕੇ ਸਿਆਹੀ ਬਣਾਈ ਹੋਵੇ ਤੇ ਆਪਣੇ ਬਿਬੇਕ ਨਾਲ ਸ਼੍ਰੋਮਣੀ ਅੱਖਰ ਰਚੇ ਹੋਣ। ਮੈਂ ਇਸ ਖ਼ਤ ਦਾ ਪਤਾ ਲੱਭਦਿਆਂ ਲੱਭਦਿਆਂ ਹੀ ਕੁਦਰਤ ਦੀ ਗਲਵਕੜੀ ਵਿਚ ਜਾ ਪੁੱਜਦਾ ਹਾਂ। ਉਸ ਦਾ ਨਿੱਘ ਇੰਨਾ ਕੁ ਦਿਲਨਸ਼ੀਂ ਲੱਗਦਾ ਹੈ ਕਿ ਮੈਂ ਸਦਾ ਲਈ ਉਸ ਦਾ ਬਣ ਕੇ ਰਹਿ ਜਾਂਦਾ ਹਾਂ।

ਇਸ ਕਿਤਾਬ ਦਾ ਮਕਸਦ ਮੈਨੂੰ ਮੇਰੇ ਨਾਲ ਰੂਬਰੂ ਕਰਾਉਣਾ ਹੈ। ਮੈਂ ਆਪਣੇ ਅੱਖਰਾਂ ਤੋਂ ਉਪਜੇ ਅਹਿਸਾਸ ਨੂੰ ਬਖਸ਼ਿਸ਼ ਵਿੱਚ ਮਿਲਿਆ ਤੋਹਫ਼ਾ ਸਮਝਦਾ ਹਾਂ, ਜੋ ਹਰਿਮੰਦਰ ਵਿਚ ਬੈਠ ਕੇ ਗੁਰੂ ਸ਼ਬਦ ਨੂੰ ਧਿਆਉਣ ਨਾਲ ਪ੍ਰਾਪਤ ਹੋਇਆ ਹੈ। ਇਸ ਕਿਤਾਬ ਦੇ ਰਾਹੀਂ ਮੈਂ ਆਪਣੇ ਅੰਦਰ

ਲੁਕੇ ਇਕ ਰਾਹੀ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਹੈ। ਉਹ ਰਾਹੀ ਜਿਸ ਦਾ ਮਨ ਹਰਿਮੰਦਰ ਦੀ ਬੇਰੀ 'ਤੇ ਬੈਠੀਆਂ ਚਿੜੀਆਂ ਵਾਂਗ ਚਹਿਚਹਾਉਂਦਾ ਹੈ, ਉਹ ਬੇਰੀ ਜੋ ਹਵਾਵਾਂ ਦੇ ਨਾਲ ਲਹਿਰਾਉਂਦੀ ਹੈ ਤੇ ਸੂਰਜ ਦੀਆਂ ਕਿਰਨਾਂ ਵਿਚ ਰੁਸ਼ਨਾਉਂਦੀ ਹੈ।

ਚਕੋਰ ਦੀ ਉਹ ਚਾਹਤ
ਜੋ ਨਾਲ ਸੋਹਣੇ ਮਹਿਤਾਬ ਦੇ
ਆਤਮ ਦੀ ਕੁਦਰਤ ਨੇ ਸਜਾਏ
ਅੱਜ ਦਿਲ 'ਚ ਲਫ਼ਜ਼ੀ ਖ਼੍ਵਾਬ ਨੇ।

ਮੇਰੇ ਖ਼ਿਆਲ ਜੋ ਇਹਨਾਂ ਖ਼੍ਵਾਬਾਂ ਦੀ ਬਣਾਵਟ ਦੇ ਕਾਰੀਗਰ ਨੇ, ਮੈਂ ਇਹਨਾਂ ਖ਼ਿਆਲਾਂ ਦਾ ਧਿਆਨ ਰੱਖ ਕੇ ਇਹਨਾਂ ਨੂੰ ਗਾਉਣਾ ਚਾਹੁੰਦਾ ਹਾਂ। ਮੌਸਮਾਂ ਨੂੰ ਪਾਉਣ ਦੀ ਚਾਹਤ ਤੇ ਸਗਲ ਧਰਤ ਉੱਤੇ ਹੁੰਦੀਆਂ ਖੇਡਾਂ ਨੂੰ ਅੱਖਰਾਂ 'ਚ ਸਮੇਟ ਲੈਣ ਵਾਲੀ ਅਸਚਰਜਤਾ ਦੀ ਬਦੌਲਤ ਹੀ ਮੇਰੇ ਅੰਦਰਲੇ ਲਫ਼ਜ਼ੀ ਖ਼੍ਵਾਬ ਨੇ ਜਨਮ ਲਿਆ ਹੈ। ਇਹ ਖ਼ਿਆਲ, ਇਹ ਅੱਖਰ ਜੋ ਅੰਬਰ 'ਚ ਘੁਲੇ ਬੱਦਲਾਂ ਦੇ ਰੂਪ ਵਾਂਗਰਾਂ ਮੁੱਕਣ ਵਾਲੇ ਨਹੀਂ। ਇਹਨਾਂ ਨੂੰ ਅਹਿਸਾਸਾਂ ਦੀ ਕਮੀ ਨਹੀਂ, ਸਾਗਰਾਂ ਦੀ ਗਹਿਰਾਈ ਵਾਂਗ ਇਹ ਵੀ ਸਭ ਕੁਝ ਸਮਾ ਲੈਣ ਵਾਲੇ ਹਨ।

ਕੀ ਮੇਰੇ ਅੰਦਰ ਲੁਕੀ ਕਲਾ ਇਹਨਾਂ ਦਾ ਜਵਾਬ ਹੈ ?
ਕੀ ਇਸ ਤੜਪ ਦਾ ਇਹ ਕਲਮ ਹੀ ਇਲਾਜ ਹੈ ?

ਇਹ ਅਸਚਰਜਤਾ ਕਦੇ ਨਾ ਖਤਮ ਹੋਣ ਵਾਲੀ ਉਹ ਕਸ਼ਿਸ਼ ਹੈ ਜੋ ਨਿਰੰਤਰ ਆਪਣੀ ਮੰਜ਼ਿਲ ਵੱਲ ਵੱਧਦੀ ਜਾ ਰਹੀ ਹੈ। ਮੇਰੀ ਤਮੰਨਾ ਹੈ ਕਿ ਇਹ ਚਿੰਗਾਰੀ ਹੁਣ ਅੱਗ ਦਾ ਭੇਸ ਵਟਾ ਲਏ। ਮੇਰੀ ਕੋਸ਼ਿਸ਼ ਹੈ ਕਿ ਰਬਾਬ 'ਚੋਂ ਨਿਕਲੀਆਂ ਧੁਨਾਂ ਨੂੰ ਤੇ ਅੰਬਰ ਧਰਤੀ ਦੇ ਵਿਚਾਲੇ ਸਜੀ

ਕੁਦਰਤ ਨੂੰ ਮੈਂ ਲਫ਼ਜ਼ੀ ਰੂਪ ਦੇ ਸਕਾਂ। ਮੇਰੇ ਲਈ ਉਹ ਸਭ ਅਜ਼ੀਜ਼ ਪਲ਼ ਨੇ ਜਿਸ 'ਚ ਵਗ ਰਹੇ ਝਰਨਿਆਂ ਤੋਂ ਉੱਡਦੀਆਂ ਹਵਾਵਾਂ ਮੈਨੂੰ ਆਪਣਾ ਹਾਲ ਸੁਣਾਉਂਦੀਆਂ ਨੇ। ਉਹ ਹਰ ਇਕ ਪਲ਼ ਬੇਹੱਦ ਅਣਮੁੱਲਾ ਹੈ ਜਦ ਮੇਰੇ ਸੀਨੇ 'ਚ ਫ਼ੁਹਾਰਾ ਜਿਹਾ ਉੱਠਦਾ ਹੈ, ਨਵੀਆਂ ਰੁੱਤਾਂ ਨੂੰ ਅਪਨਾਉਣ ਦਾ ਤੇ ਨਵੇਂ ਰਾਹਾਂ ਨੂੰ ਪਾਉਣ ਦਾ। ਮੈਂ ਸਮਝਦਾ ਹਾਂ ਕਿ ਸਾਨੂੰ ਆਪਣੀ ਚਾਹਤ ਨੂੰ ਕਦੇ ਬੁਝਾਉਣਾ ਨਹੀਂ ਚਾਹੀਦਾ ਕਿਉਂਕਿ ਦਰਵੇਸ਼ ਸਭ ਜਾਣਦੇ ਨੇ, ਇੰਨਾ ਕੁ ਤਾਂ ਸਾਨੂੰ ਤੋਹਫ਼ਾ ਬਖਸ਼ਣਗੇ ਕਿ ਸਾਡੇ ਵਿਚ ਇਹ ਸਿਦਕ ਜਾਗ ਪਵੇ ਕਿ ਜੋ ਅੰਦਰ ਲੁਕਿਆ ਹੈ, ਉਸ ਨੂੰ ਜਾਣੇ ਬਿਨ੍ਹਾਂ ਰੁਕੀਏ ਨਾ।

ਕੁਦਰਤ ਦੀ ਹਰਕਤ
ਕਾਸ਼ਨੀ ਅਲਫ਼ਾਜ਼ਾਂ ਦੀ ਹਰਕਤ
ਬੇਫ਼ਿਕਰੇ ਖ਼ੁਮਾਰਾਂ ਦੀ ਹਰਕਤ
ਹਰਕਤ ਹੀ ਲਿਆਵੇ ਕਲਾ 'ਚ ਬਰਕਤ।

ਮੇਰੇ ਅੰਦਰੋਂ ਫੁੱਟੀ ਕਲਾ ਨੇ ਆਪਣੀ ਕੋਮਲ ਅਵਸਥਾ ਵਿਚ ਜਨਮ ਲੈਣਾ ਹੈ। ਮੇਰੇ ਅੰਦਰਲੀ ਕੁਦਰਤ ਦੀ ਹਰਕਤ ਨੇ ਮੇਰੀ ਕਲਾ ਨੂੰ ਨਿਖਾਰ ਦੇਣਾ ਹੈ। ਜਿਵੇਂ ਫੁੱਲਾਂ ਦੀ ਹਰਕਤ ਤੋਂ ਬਿਨ੍ਹਾਂ ਬਾਗ ਨਹੀਂ ਹੁੰਦੇ ਤੇ ਸੁਰਾਂ ਦੀ ਹਰਕਤ ਤੋਂ ਬਿਨ੍ਹਾਂ ਰਾਗ ਨਹੀਂ ਹੁੰਦੇ। ਹਰਕਤ ਹੈ ਤਾਂ ਬਰਕਤ ਹੈ।

ਕੁਦਰਤ ਦਾ ਇਸ਼ਕ ਵੀ ਮੇਰੇ ਇਸ਼ਕ ਨੂੰ ਸਜਾਏਗਾ।

ਜਿਸ ਗੱਲ ਦੀ ਪੜਚੋਲ ਸੀਮਤ ਨਹੀਂ, ਜਿਸ ਦਾ ਸਦਾ ਹੀ ਵਿਕਾਸ ਹੁੰਦਾ ਰਹੇਗਾ। ਐਸੀ ਹੀ ਗੱਲ ਹੈ ਇਸ ਇਸ਼ਕ ਦੀ, ਜੋ ਕਣੀਆਂ ਦੇ ਵਿਚ ਭਿੱਜਕੇ ਧਰਤੀ ਦੀ ਸੋਭਾ ਵਧਾਏਗਾ, ਜਿਸ ਦਾ ਵਜੂਦ ਉੱਗਦੇ ਫੁੱਲਾਂ ਦੀ ਖ਼ੁਸ਼ਬੂ ਦੇ ਵਿਚ ਮਿਲ ਜਾਏਗਾ। ਕੁਦਰਤ ਦੀ ਸੈਰ ਕਰਦਿਆਂ ਤਿਤਲੀਆਂ,

ਭਰਿੰਡਾਂ ਜਦ ਇਹਨਾਂ ਫੁੱਲਾਂ 'ਤੇ ਜਸ਼ਨ ਮਨਾਉਣਗੀਆਂ ਤਾਂ ਇਹਨਾਂ ਦਾ ਹੀ ਹਿੱਸਾ ਆਪਣੇ ਨਾਲ ਲੈ ਕੇ ਹੋਰਾਂ ਦੇਸਾਂ ਵਿਚ ਪਹੁੰਚਾਉਣਗੀਆਂ। ਇਸ ਇਸ਼ਕ ਨਾਲ ਜਦ ਸਾਰਾ ਜਗ ਰੂਬਰੂ ਹੋ ਜਾਵੇਗਾ, ਫਿਰ ਮੈਂ ਸੋਚਾਂਗਾ, ਕਿ ਇਹ ਅਹਿਸਾਸ ਜੋ ਮੇਰੇ ਵਿਚ ਹੈ, ਕੀ ਇਹ ਤੇਰੇ ਵਿਚ ਵੀ ਹੈ, ਕੀ ਇਹ ਸਭ ਦੇ ਵਿਚ ਹੈ॥ ਸ਼ਾਇਦ ਇਸ ਗੱਲ ਦਾ ਜਵਾਬ ਲੱਭਦੇ ਲੱਭਦੇ ਹੀ ਮੈਂ ਆਪਣੇ ਆਪ ਨੂੰ ਲੱਭ ਲਵਾਂਗਾ। ਉਸ ਦਿਨ ਮੈਂ ਖ਼ੁਦਾ ਨੂੰ ਰੱਜ ਰੱਜ ਗਾਵਾਂਗਾ।

ਮੌਲਾ ਮੌਲਾ ਆਖ ਦਿਲਾਂ ਦੀ ਗਰਜ ਇਸ ਸ਼ਾਮ ਨੂੰ
ਬੁੱਕਲ ਪਾ ਸੌਂ ਗਈ ਕਾਇਨਾਤ ਤੇਰੇ ਨਾਮ ਨੂੰ
ਵਿਚ ਡਿੱਗੀ ਮੈਂ ਖ਼ੁਦਾਈ ਤੇ ਚੜ੍ਹੀ ਓਹਦੇ ਦਾਮ ਨੂੰ
ਮਸੱਰਤ ਵਿੱਚ ਲਿਖੇ ਹਰਫ਼ ਮੈਂ ਰਾਮ ਨੂੰ।

ਕੋਈ ਵੀ ਕਵਿਤਾ ਜੇ ਖ਼ੁਦਾ ਜਾਂ ਕੁਦਰਤ ਤੋਂ ਵਾਂਝੀ ਰਹੀ ਹੈ ਤਾਂ ਮੇਰੇ ਲਈ ਉਸ ਦਾ ਨਿਰਮਾਣ ਕੱਚਾ ਰਹਿ ਗਿਆ। ਉਹ ਸਭ ਗੀਤ, ਸਭ ਧੁਨਾਂ ਫਿੱਕੀਆਂ ਨੇ ਜਿਸ ਨਾਲ ਇਸ਼ਕ ਨਹੀਂ ਜੁੜਿਆ। ਇਸ਼ਕ, ਜੋ ਪਾਕ ਹੈ, ਜੋ ਦੇਹਾਂ ਦੀ ਰਫ਼ਤਾਰ ਦੇਖ ਕੇ ਬਿਨਸਿਆ ਨਹੀਂ ਸਗੋਂ ਮੰਡਲ ਦੀ ਸਥਿਰਤਾ ਕਾਰਨ ਵਿਗਸਿਆ ਹੈ। ਆਖ਼ਿਰ ਇਸ ਇਸ਼ਕ ਨੂੰ ਸੁਣਿਆ, ਸਮਝਿਆ ਤੇ ਲਿਖਿਆ ਕਿਸ ਨੇ ਹੋਵੇਗਾ ? ਇੱਕੋ ਹੀ ਕੂਕ ਵਿਚੋਂ ਕਈਆਂ ਨੂੰ ਆਪਣੇ ਦਿਲ 'ਚ ਟਹਿਲ ਰਹੇ ਕਲਾਕਾਰ ਦੀ ਪੁਕਾਰ ਸੁਣੀ ਤੇ ਕਈਆਂ ਨੇ ਸਿਰਫ ਸੁਰਾਂ ਨੂੰ ਹੀ ਸਮਝਣ ਦਾ ਯਤਨ ਕੀਤਾ। ਦੁਨੀਆ ਦਾ ਸੰਗੀਤ ਅਕਸਰ ਹੀ ਰੂਹਾਂ ਨੂੰ ਖਿੱਚਦਾ ਰਹੇਗਾ। ਪਰ ਖ਼ੁਦਾ ਦੀਆਂ ਤਰੰਗਾਂ ਉਸ ਨੂੰ ਆਪਣੇ ਨਾਲ ਹੀ ਲੈ ਜਾਣਗੀਆਂ ਤੇ ਉਸ ਦੀ ਬਿਰਤੀ ਧੰਨ ਹੋ ਜਾਵੇਗੀ। ਮੈਂ ਇਸ ਅਹਿਸਾਸ ਨੂੰ ਮਹਿਸੂਸ ਕਰਨ ਦੀ ਕੋਸ਼ਿਸ਼ ਕੀਤੀ ਹੈ। ਮੇਰੇ ਖਿਆਲਾਂ ਵਿਚ ਚੌਥੀ ਪਾਤਸ਼ਾਹੀ ਨੇ ਵਾਸ ਕੀਤਾ ਹੈ। ਸੋਹਣੇ ਸਜੇ ਨਜ਼ਾਰੇ ਵਿਚ ਦੋ ਪੱਥਰਾਂ

‘ਤੇ ਬੈਠੇ ਮੈਂ ਤੇ ਗੁਰੂ ਰਾਮਦਾਸ। ਮੈਂ ਉਹਨਾਂ ਦਾ ਹੱਥ ਫੜਕੇ ਕੁਦਰਤ ਦੀ ਸੈਰ ਕੀਤੀ ਹੈ। ਉਹਨਾਂ ਨੇ ਮੈਨੂੰ ਮੇਰਾ ਮਨ ਗਾਉਣਾ ਸਿਖਾਇਆ ਹੈ। ਮੇਰੇ ਮੱਥੇ ਨੂੰ ਚੁੰਮਕੇ ਉਹਨਾਂ ਨੇ ਕਿਹਾ ਕਿ ਮੈਂ ਆਪਣੇ ਰਾਹ ‘ਤੇ ਤੁਰਿਆ ਰਹਾਂ। ਜੇ ਅਸਫ਼ਲਤਾ ਵੀ ਮਿਲੀ ਤਾਂ ਰੁਕੀਂ ਨਾ। ਉਹਨਾਂ ਲਈ ਮੇਰਾ ਯਤਨ ਕਰਨਾ, ਵਾਰ ਵਾਰ ਕਰਨਾ ਵੀ ਇਕ ਕਾਮਯਾਬੀ ਦੇ ਦਰਖ਼ਤ ਦੀ ਟਾਹਣੀ ਹੀ ਹੈ। ਇਸ ਮੁਬਾਰਕ ਘੜੀ ਨੂੰ ਮੈਂ ਸਦਾ ਹੀ ਧਿਆਉਂਦਾ ਰਹਾਂਗਾ।

ਮੈਂ ਸ਼ੁਕਰ ਗੁਜ਼ਾਰ ਹਾਂ ਕਿ ਵਿਸ਼ਵ ਸਾਹਿਤ ਦੀ ਸਭ ਤੋਂ ਸੁਹਜਮਈ ਤੇ ਵੱਡੇ ਇਲਮ ਖ਼ਜ਼ਾਨੇ ਵਾਲੀ ਬੋਲੀ ਨਾਲ ਹੀ ਇਸ ਕਿਤਾਬ ਦਾ ਜਨਮ ਹੋਇਆ। ਜੋ ਕਦੇ ਖਤਮ ਹੋਣ ਵਾਲੀ ਨਹੀਂ, ਜਿਸ ਨੂੰ ਨਾ ਹੀ ਕਿਸੇ ਦੇ ਸਹਾਰੇ ਦੀ ਲੋੜ ਹੈ। ਇਹ ਤਾਂ ਆਪ ਹੀ ਸੇਵਾ ਕਰਾਉਣ ਵਾਲੀ ਹੈ। ਪੰਜਾਬੀ ਸਦਾ ਜਿਉਣ ਵਾਲੀ ਹੈ।

ਹਕੀਕਤ ਤੇ ਇਬਾਦਤ ਦੇ ਦਰਮਿਆਨ ਭਟਕਦੇ, ਤੜਪਦੇ, ਉੱਗਦੇ ਜਜ਼ਬਾਤਾਂ ਦੀ ਪੋਟਲੀ ਮੈਂ ਹੁਣ ਤੁਹਾਡੇ ਹਵਾਲੇ ਕਰਦਾ ਹਾਂ। ਮੇਰੇ ਇਸ਼ਕ ਨੂੰ ਤੇ ਇਸ ਨੂੰ ਪੜ੍ਹਕੇ ਉਪਜੇ ਅਹਿਸਾਸ ਨੂੰ ਆਪਣੇ ਨਾਲ ਸੰਭਾਲ ਕੇ ਰੱਖਣਾ।

18 ਦਸੰਬਰ, 2018

**ਆਤਮਜੋਤ ਸਿੰਘ**
ਪਟਿਆਲਾ

ਕੀ ਤੂੰ ਕੋਈ ਇਸ਼ਕ ਦੀ ਬਾਤ ਸਿੱਖੀ ਏ ?
ਇਨ੍ਹਾਂ ਗਾਉਂਦੀਆਂ ਤਹਿਰੀਰਾਂ ਤੋਂ
ਕੀ ਜ਼ਿੰਦਗੀਨਾਮਾ ਪੜ੍ਹਿਆ ਤੂੰ ?
ਇਨ੍ਹਾਂ ਬਾਦਸ਼ਾਹੀ ਮੀਰਾਂ ਤੋਂ
ਕੀ ਕੁਦਰਤ ਦੀ ਭਿੱਖਿਆ ਮੰਗੀ ਏ ?
ਇਨ੍ਹਾਂ ਗੁਲ ਚੁੰਮਦੇ ਅਮੀਰਾਂ ਤੋਂ
ਕੀ ਨਜ਼ਰਾਨਾ ਭੇਟ ਚੜ੍ਹਿਆ ?
ਇਨ੍ਹਾਂ ਖ਼੍ਵਾਬ ਜਿਹੀ ਤਸਵੀਰਾਂ ਤੋਂ

## ਤੇਰਾ ਜ਼ਿਕਰ

ਧੁੱਪਾਂ ਨੇ ਫੁੱਲਾਂ ਨੂੰ ਰੁਸ਼ਨਾਉਣਾ
ਜਦ ਟਾਹਣੀਆਂ ‘ਤੇ ਕੋਇਲਾਂ ਮਿੱਠਾ ਮਿੱਠਾ ਗਾਉਣਾ
ਤੇਰਾ ਜ਼ਿਕਰ ਏ ਹੋਣਾ।

ਰੰਗਲੇ ਅਸਮਾਨ ‘ਚ ਸੂਰਜ ਦਾ ਸੁਰਖ ਹੋ ਜਾਣਾ
ਜਦ ਦਿਲਾਂ ਦਾ ਇਸ਼ਕ ‘ਚ ਬੇਸੁਰਤ ਹੋ ਜਾਣਾ
ਤੇਰਾ ਜ਼ਿਕਰ ਏ ਹੋਣਾ।

ਹਵਾਵਾਂ ਦਾ ਪੱਤਿਆਂ ਨੂੰ ਉਡਾ ਲੈ ਜਾਣਾ
ਜਦ ਸ਼ਗਨਾਂ ਵਾਲੇ ਹਾਰ ਨੂੰ ਖ਼ੁਸ਼ੀਆਂ ਨਾਲ ਪਰੋਣਾ
ਤੇਰਾ ਜ਼ਿਕਰ ਏ ਹੋਣਾ।

ਸਾਉਣ ਮਹੀਨੇ ਰੰਗ ਬਰੰਗੀਆਂ ਪੀਂਘਾਂ ਦਾ ਪੈਣਾ
ਜਦ ਫੁੱਲ ਪੱਤੀਆਂ ‘ਤੇ ਤਿਤਲੀਆਂ ਟਹਿਲਦੇ ਰਹਿਣਾ
ਤੇਰਾ ਜ਼ਿਕਰ ਏ ਹੋਣਾ।

ਚਹਿਚਹਾਉਂਦੀਆਂ ਚਿੜੀਆਂ ਨੇ ਸਾਡੇ ਵਿਹੜੇ ਆਉਣਾ
ਜਦ ਸੁਰੀਲੇ ਰਾਗਾਂ ਨਾਲ ਸਾਡਾ ਵਿਹੜਾ ਸਜਾਉਣਾ
ਤੇਰਾ ਜ਼ਿਕਰ ਏ ਹੋਣਾ।

ਖ਼੍ਵਾਬੀ ਕਲਮ ਨਾਲ ਤੇਰੀ ਤਸਵੀਰ ਵਾਹੁਣਾ
ਜਦ ਮੁਸ਼ਾਇਰੇ ਅੰਦਰ ਤੇਰੀ ਤਾਰੀਫ਼ ਗਾਉਣਾ
ਤੇਰਾ ਜ਼ਿਕਰ ਏ ਹੋਣਾ।

ਮਿੱਟੀ ਦੇ ਫ਼ਕੀਰਾਂ ਨੇ ਬਾਗਾਂ ਨੂੰ ਰੰਗ ਚੜ੍ਹਾਉਣਾ
ਜਦ ਸਰੋਂ ਦੇ ਹੁਲਾਰਿਆਂ ਨਾਲ ਰੁੱਖਾਂ ਜਸ਼ਨ ਮਨਾਉਣਾ
ਤੇਰਾ ਜ਼ਿਕਰ ਏ ਹੋਣਾ।

ਕੱਚੀਆਂ ਕੰਧਾਂ ‘ਤੇ ਦੀਵਿਆਂ ਨੂੰ ਰੁਸ਼ਨਾਉਣਾ
ਜਦ ਇਲਮਾਂ ਦੇ ਰਾਗਾਂ ਨੂੰ ਗਾਉਣਾ
ਤੇਰਾ ਜ਼ਿਕਰ ਏ ਹੋਣਾ।

ਲਫ਼ਜ਼ਾਂ ਦੀ ਵੰਗਾਰ ਨੇ ਇਨਕਲਾਬ ਲਿਆਉਣਾ
ਜਦ ਸੱਚੇ ਬੋਲਾਂ ਕੂੜ ਦਾ ਮਹਿਲ ਢਾਹੁਣਾ
ਤੇਰਾ ਜ਼ਿਕਰ ਏ ਹੋਣਾ।

ਨਰਾਜ਼ ਗ਼ਜ਼ਲਾਂ ਨੇ ਸੁਰਾਂ ਨਾਲ ਰਾਜ਼ੀ ਹੋ ਜਾਣਾ
ਜਦ ਰਬਾਬੀ ਧੁਨਾਂ ਨੇ ਧੜਕਣ ਨਾਲ ਇਕ ਹੋ ਜਾਣਾ
ਤੇਰਾ ਜ਼ਿਕਰ ਏ ਹੋਣਾ।

# ਡੂੰਘੀ ਰਾਤ

ਮਿੱਠੀ ਮਿੱਠੀ ਨੀਂਦਰੇ
ਆਉਣ ਚਾਅ ਖ਼ੁਮਾਰੇ
ਨਾਲ ਹਵਾ ਦੇ ਖੇਡਦੇ
ਖਾਣ ਪੱਤੇ ਹੁਲਾਰੇ
ਆਸ਼ਿਕ ਪਏ ਨੇ ਗਾਂਵਦੇ
ਪਾਣੀ ਠਾਠਾਂ ਮਾਰੇ
ਮਨ ਐਸਾ ਮਚਲੇ
ਜਾਂਦਾ ਰਾਮ ਪੁਕਾਰੇ
ਬੂੰਦਾਂ ਮਿੱਟੀ ਛੂਹ ਗਈਆਂ
ਲਿਸ਼ਕੇ ਮੋਤੀਓਂ ਤਾਰੇ
ਕੁਦਰਤ ਪਈ ਹਰਿਆਵਲੀ
ਲਫ਼ਜ਼ੀ ਇਸ਼ਕ ਪਿਆਰੇ
ਸਕੂਨ ਦਿਲਾਂ ਨੇ ਮਿਥਿਆ
ਭਟਕਿਆਂ ਲੱਭੇ ਕਿਨਾਰੇ
ਤਾਂਘ ਭੌਰਿਓਂ ਛਿੜ ਪਈ
ਚੁੰਮਾਂ ਗੁਲ ਮੈਂ ਸਾਰੇ
ਉੱਚਿਓਂ ਉੱਚਾ ਸੁਫ਼ਨਾ
ਪੁੱਜੇ ਸ਼ਾਹ ਦਰਬਾਰੇ
ਗੋਸ਼ ਸੁੱਤੇ ਜਾਗ ਪਏ
ਕਿਸੇ ਆਖਿਆ ਨਾਨਕ ਬਾਰੇ
ਪਾ ਗਲਵਕੜੀ ਲੈ ਚੱਲਣ
ਤੇਰੇ ਲਾਲ ਦੁਲਾਰੇ

ਮਸਤਕ ਲਾਲੀ ਪੈ ਗਈ
ਗਾਵਣ ਲੋਕ ਚਾਰੇ
ਮਿੱਠੀ ਮਿੱਠੀ ਨੀਂਦਰੇ
ਆਉਣ ਚਾਅ ਖ਼ੁਮਾਰੇ।

## ਫ਼ੁਹਾਰਾ

ਜਾਂਦੀ ਸਾਂ ਮੈਂ ਦੀਵੇ ਬਾਲਣ
ਉੱਚ ਤਖ਼ਤ ਦੇ ਦਰ ਉੱਤੇ
ਘੜੀ ਸੁਭਾਗੇ ਆਇਓਂ ਸਾਈਂ
ਤੜ਼ ‘ਚ ਆਪ ਖਲੋਇਆ ਦਿਸੇ
ਨੈਣ ਲਿਸ਼ਕੇ ਮਨ ਤਨ ਫ਼ੁਹਾਰੇ
ਜਿਓਂ ਵਗਣ ਹਵਾਵਾਂ ਸਾਵਣ ਰੁੱਤੇ
ਪੱਬਾਂ ਭਾਰ ਮੈਂ ਮਚਲੀ ਸਾਈਓਂ
ਸੇਵ ਕਮਾਵਾਂ ਹਰ ਜੁੱਤੇ
ਬੱਤੀ ਬਣ ਮੈਂ ਜਲ ਜਲ ਜਾਵਾਂ
ਤੇਲ ਤੁਪਕ ਗਰ ਆਪ ਵੱਸੇ
ਹੈ ਇਸ਼ਕ ਸਜਿਆ ਅੰਬਰ ਸਾਰੇ
ਅੱਜ ਪਿੰਡੇ ਘੁਲ ਇਸ ਹਵਾ ਲੁੱਤੇ ।

# ਫੁੱਲ

ਸੋਹਣਾ ਸੁਪਨ ਤਾਬੀਰ ਸੁਣਾਵਾਂ
ਬਣ ਫੁੱਲ ਮੈਂ ਮੌਜ ਮਨਾਵਾਂ
ਸੰਗ ਤਰੇਲਾਂ ਭਿੱਜਿਆ
ਪੌਣ ਸੁਗੰਧੇ ਅਹਿਸਾਸ ਛੁਪਾਵਾਂ
ਨਾਲ ਮੋਤੀਓਂ ਆਬ ਲਟਕਦੇ
ਜ਼ਮੀਨੋਂ ਫ਼ਲਕ ਤੀਕ ਜਾਵਾਂ
ਜੋਬਨ ਰਾਹੀ ਗੀਤ ਬਣਾਵਣ
ਮਹਿਬੂਬ ਉਂਗਲਾਂ ‘ਤੇ ਖਿੜ ਖਿੜ ਜਾਵਾਂ
ਕੁਦਰਤ ਦਾ ਮੈਂ ਅੰਗ ਸੁਨੱਖਾ
ਨਾਲ ਧਰਤੀ ਲਾਡ ਲਡਾਵਾਂ
ਮੌਸਮਾਂ ਨਾਲ ਇਕ ਇਕ ਹੋ ਕੇ
ਬਸੰਤ ਰੁੱਤ ਨੂੰ ਰੁੱਤ ਬਣਾਵਾਂ
ਇਓਂ ਇਸ਼ਕ ਦਿਲਾਂ ‘ਚ ਖਿੱਚਿਆ
ਕਈਆਂ ਰਾਹ ਮੇਰਾ ਹੀ ਮਿਥਿਆ
ਜਿਓਂ ਪੱਤੀਆਂ ‘ਤੇ ਉਹ ਆਣ ਖਲੋਵੇ
ਭੌਰਿਓਂ ਘਰ ਸਜਾਵਾਂ
ਮਿੱਟੀਓਂ ਸੋਹਣੇ ਰੰਗ ਲਿਸ਼ਕਦੇ
ਸ਼ੁਕਰ ਸਦਾ ਮਨਾਈਏ
ਵਿੱਚ ਨਿਮਰਤਾ ਸਹਿਜ ਸੁਹਾਵਾਂ
ਬਿਨ ਮਿੱਟੀ ਮਰ ਮਰ ਜਾਈਏ
ਵਿਛੜਾਂ ਤੇ ਕੋਈ ਬਾਤ ਨਾ ਸਿੱਖਾਂ
ਬਣ ਫੁੱਲ ਮੈਂ ਸਿਖ ਸਿਖ ਜਾਵਾਂ
ਬਣ ਫੁੱਲ ਮੈਂ ਮੌਜ ਮਨਾਵਾਂ।

# ਖ਼੍ਵਾਬੀ ਮੰਜ਼ਰ

ਮਨ ਤੂੰ ਦਰ ਦਰ ਭਟਕੇ ਨਾ
ਤੈਨੂੰ ਪਤਾ ਤੇਰਾ ਟਿਕਾਣਾ
ਤੇਰੇ ਚਾਰ ਚੁਫੇਰੇ ਇਸ਼ਕ ਸਜਿਆ
ਲੱਗਿਆ ਜ਼ਿੰਦਗੀ ਦਾ ਆਉਣਾ ਜਾਣਾ
ਨਾਨਕ ਦੀ ਮਹਿਮਾ ਅਵੱਲੀ
ਇਸ਼ਕ 'ਚ ਰਮਿਆ ਨਿਮਾਣਾ
ਕਿਰਤ ਦੇ ਵਿੱਚ ਗਾਵੇ ਅੱਲ੍ਹਾ
ਤੇਰਾ ਫੁੱਲਾਂ ਵਰਗਾ ਬਾਣਾ
ਇਹ ਕੁਦਰਤ ਮੌਜ ਮਨਾਵੇ
ਨਾ ਅਸ਼ਕਾਂ ਮੰਜ਼ਰ ਸਜਾਉਣਾ
ਅਸਮਾਨ ਤੋਂ ਉੱਚੀ ਸਿਫ਼ਤ ਤੇਰੀ
ਧਰਤ ਤੇਰਾ ਦਰਬਾਰਾ
ਰੁਮਕਣ ਲਿੱਪੀਆਂ 'ਵਾ ਲੁੱਤੇ
ਜਿਓਂ ਅੱਖਰਾਂ 'ਚ ਵੱਸ ਜਾਣਾ
ਨਾਜ਼ ਕਰੇਂਦੇ ਫੁੱਲ ਤੇਰੇ 'ਤੇ
ਤੇਰੀ ਦੀਦ ਮਿਲੇ ਖਿੜ ਜਾਣਾ
ਖ਼੍ਵਾਬ ਸੋਹਣਾ ਮਚਲੇ ਸਾਡਾ
ਜਿਉਂ ਖ਼ਲਕਤ ਵਿੱਚ ਕਾਣਾ
ਮਟਕਣ ਖ਼ਿਆਲ ਇਹ ਰੌਣਕੀ ਸਾਈਂ
ਤੇਰੀ ਸੁਗੰਧੇ ਲਾਡ ਲਡਾਵਾਂ
ਚਾਵਾਂ ਦੀ ਗੱਲ ਕਰਦੈ ਸੂਰਜ
ਮਚਲੇ ਇਹ ਪਰਛਾਵਾਂ
ਤਾਰਿਓਂ ਡੁੱਲੀ ਲਿਸ਼ਕ ਫੜਕੇ

ਤੇਰੇ ਕਦਮਾਂ ਵਿੱਚ ਚੜ੍ਹਾਵਾਂ
ਮਿਹਰ ਕਰੋ ਮੈਂ ਇਸ਼ਕ ਮਨਾਵਾਂ
ਸਿਫ਼ਤ ਤੇਰੀ ਨੂੰ ਪਲ਼ ਪਲ਼ ਗਾਵਾਂ
ਕਾਸ਼! ਮੈਂ ਤੂੰ ਹੀ ਬਣ ਜਾਵਾਂ।
ਕਾਸ਼! ਮੈਂ ਤੂੰ ਹੀ ਬਣ ਜਾਵਾਂ।

# ਮੁਸਾਫ਼ਰ ਪਰਤ ਆਏ

ਅੱਜ ਫੁੱਲ ਫਿਰ ਤੋਂ ਖਿੜ ਉੱਠੇ ਨੇ
ਚਾਵਾਂ ਭਰੇ ਮੋਰ ਪੈਲਾਂ ਪਾ ਰਹੇ ਨੇ
ਚਿੜੀਆਂ ਨੇ ਇਕ ਮਹਿਫ਼ਲ ਲਾਈ
ਮਿੱਠੀ ਕੂਕ 'ਚ ਸੁਣੀਆਂ ਤਰੰਗਾਂ
ਮਰਦਾਨੇ ਦੇ ਰਬਾਬ ਦੀਆਂ
ਸ਼ਾਮ ਵੇਲੇ ਇਸ਼ਕ ਵਰਤਿਆ
ਫਿਰ ਅਸੀਂ ਲਿਖਿਆ ਗਾਇਆ
ਸੋਹਣਾ ਨਜ਼ਾਰਾ ਫ਼ਰਮਾਇਆ
ਜੋ ਖੇਡਾਂ ਧਰਤੀ ਤੇ ਅਕਾਸ਼ ਦੀਆਂ
ਖ਼ੁਦਾ ਦੇ ਕੁਰਬਤ ਅਹਿਸਾਸ ਦੀਆਂ
ਮਨ ਮੇਰੇ ਨੇ ਸਿਫ਼ਤਾਂ ਗਾਈਆਂ
ਜਪੁਜੀ ਤੇ ਰਹਿਰਾਸ ਦੀਆਂ
ਵਣ 'ਚ ਬੈਠੀ ਹਿਰਨੀ ਵੀ ਮਦਹੋਸ਼ ਹੋ ਗਈ
ਜੇਠ ਵਾਲੀ ਰੁੱਤ ਵੀ ਬਹਾਰ ਹੋ ਗਈ
ਅੱਲ੍ਹੜਾਂ ਦੀਆਂ ਛਣਕਦੀਆਂ ਵੰਙਾਂ ਨੇ
ਧੁੱਪਾਂ ਨੂੰ ਰਾਹੇ ਪਾਇਆ
ਧੁੰਦਲੇ ਜਿਹੇ ਅਸਮਾਨ ਵਿੱਚ ਬੱਦਲ ਗਰਜਣ
ਕਣੀਆਂ ਨੇ ਮਿੱਟੀ ਵਿੱਚ ਖ਼ੁਸ਼ਬੋਆਂ ਪਾਈਆਂ
ਰੂਹੇ ਜ਼ਮੀਨ ਚਾਓ ਚਾਈ ਕੰਬਣੀਆਂ ਆਈਆਂ
ਨਦੀਆਂ ਨੇ ਵੀ ਇਸ਼ਕ ਦੇ ਫਿਰ ਕਿੱਸੇ ਗਾਏ
ਜਦ ਮੁਸਾਫ਼ਰ ਪਰਤ ਆਏ।

## ਇਸ਼ਕ ਦੀ ਬਾਤ

ਇਹ ਜੋ ਬੱਦਲ ਗਰਜਦੇ
ਤੇਰੇ ਹੁੰਗਾਰੇ ਦੇ ਸਮਾਨ ਨੇ
ਕੁਦਰਤ ਦੇ ਮੁਸਾਫ਼ਰ
ਸਭ ਤੇਰੇ ਤੋਂ ਕੁਰਬਾਨ ਨੇ
ਹਰੇ ਹਰੇ ਪੱਤਿਆਂ 'ਤੇ ਪੈਂਦੀ ਬਰਸਾਤ ਹੈ
ਇਹ ਕਣੀਆਂ ਦੀ ਸੌਗਾਤ ਹੀ
ਤੇਰੇ ਇਸ਼ਕ ਦੀ ਬਾਤ ਹੈ।

ਸਾਡੇ ਹਿੱਸੇ ਆਈ ਮਿੱਟੀ ਦੀ ਲਾਟ
ਮਿੱਟੀ ਸਾਡੀ ਪਛਾਣ ਮਿੱਟੀ ਸਾਡੀ ਜਾਤ
ਦਿਲ ਦੇ ਖ਼ਜ਼ਾਨੇ ਹਰ ਸ਼ੈਅ ਆਬਾਦ ਹੈ
ਤੇਰੇ ਦਰਬਾਰ ਹਰ ਸ਼ਖ਼ਸ ਦਿਲਸ਼ਾਦ ਹੈ
ਇਹ ਜ਼ਿੰਦਗੀ ਦਾ ਆਗਾਜ਼ ਹੀ
ਤੇਰੇ ਇਸ਼ਕ ਦੀ ਬਾਤ ਹੈ।

ਬਹਾਰਾਂ ਦੇ ਗੀਤ ਕੂੰਜਾਂ ਨੇ ਗਾਏ
ਸੰਘਣੇ ਪੱਤਿਆਂ 'ਚ ਕੋਇਲਾਂ ਤਖ਼ਤ ਸਜਾਏ
ਨਵੀਆਂ ਰੁੱਤਾਂ ਨਵੇਂ ਮੌਸਮ ਆਏ
ਫੁੱਲਾਂ ਨੇ ਫਿਰ ਮੁਸ਼ਕ ਖੰਡਾਏ
ਇਹ ਮਹਿਫ਼ਲ ਦੀ ਦਰਖ਼ਾਸਤ ਹੀ
ਤੇਰੇ ਇਸ਼ਕ ਦੀ ਬਾਤ ਹੈ।

ਤੇਰੇ ਹੱਥ ਦੀਆਂ ਲੀਕਾਂ 'ਚੋਂ ਦਰਿਆ ਵਹਿੰਦੇ ਨੇ
ਸੂਰਜ ਨਮਨ ਕਰ ਤੇਰੇ ਚਰਨੀਂ ਲਹਿੰਦੇ ਨੇ

ਸੁਣਿਆ ਲਾਹੌਰੋਂ ਪੰਛੀ ਆਣ ਹਰਿਮੰਦਰ ਬਹਿੰਦੇ ਨੇ
ਤੇਰੇ ਹੀ ਲਫ਼ਜ਼ਾਂ ਨੂੰ ਲਿਖਾਰੀ ਲੁਗ਼ਤ ਕਹਿੰਦੇ ਨੇ
ਤੇਰੀ ਇਹ ਸਿਫ਼ਤ ਤੇ ਕਰਾਮਾਤ ਹੀ
ਤੇਰੇ ਇਸ਼ਕ ਦੀ ਬਾਤ ਹੈ।

# ਰਾਤ ਦੀਵਾਨੀ

ਡਮਰੂ ਖੜਕ ਰਹੇ
ਮਨ ਵਿੱਚ ਦੈਂਤਾਂ ਸ਼ੋਰ ਮਚਾਇਆ
ਸੋਚ ਪਾਟ ਜਾਣ ਵਰਗੀ ਆਵਾਜ਼ ਆਈ
ਖ਼ਿਆਲਾਂ ਦੇ ਘੁੰਗਰੂ ਖਿੱਲਰ ਗਏ
ਡੱਬ ਖੜੱਬੇ ਵਕ਼ਤ ਦੇ ਕਾਲੇ ਬੱਦਲਾਂ 'ਚ
ਤੇਜ਼ ਅਗਨੀ ਜਿਹੇ ਸੱਚ ਦਾ ਪ੍ਰਕਾਸ਼ ਹੋਇਆ
ਓਹਦੇ ਬੋਲ ਗਰਜ ਗਏ
ਜਿਵੇਂ ਵਣ ਵਿੱਚ ਸ਼ੇਰ ਦਹਾੜੇ
ਅਸਮਾਨ ਦੇ ਮੱਥੇ 'ਤੇ ਚਾਨਣੀ ਤਿਲਕ ਲਾਇਆ
ਸੁਮੁਖ ਜਿਹਾ ਜਾਪੇ ਮੈਨੂੰ
ਜਿਹਨੇ ਚਾਰ ਚੁਫੇਰੀ ਬਦਲੀ ਕਾਇਆ
ਗੁਣ ਗਾਣ ਤੇਰਾ ਬੇਹਿਸਾਬ ਜਿਹਾ
ਤੇਰਾ ਚਿਹਰਾ ਸੋਹਣੇ ਖ਼੍ਵਾਬ ਜਿਹਾ
ਫਿਰ ਵੀ ਅੰਤ ਨਾ ਤੇਰਾ ਪਾਇਆ
ਉਹ ਦੇਖ ਰਿਹਾ ਰੇਸ਼ਮੀ ਚਾਨਣ ਓਹਲਿਓਂ
ਤੇ ਰਚ ਰਿਹਾ ਨਵੀਂ ਕਰਾਮਾਤ ਕੋਈ
ਹੁਣ ਲਫ਼ਜ਼ਾਂ ਨੂੰ ਬੁਰਕੀ ਕਿੰਝ ਪਾਵਾਂ ?
ਜਦ ਕਲਮ ਹੀ ਕੰਬੇ ਸਿਫ਼ਤ ਕਰਦਿਆਂ
ਫਿਰ ਮੈਂ ਰਾਤ ਦੀਵਾਨੀ ਨੂੰ ਕਿੰਝ ਗਾਵਾਂ ?

## ਅਜ਼ੀਜ਼

ਅਜ਼ੀਜ਼ ਹੈ
ਹਵਾਵਾਂ ਤੇ ਰਾਗਾਂ ਦੇ ਮੇਲੇ ਬਣਿਆ
ਸੰਗੀਤ ਉਲਫ਼ਤ ਦਾ
ਉਮਰ ਦੀ ਚੜ੍ਹਦੀ ਰੁੱਤੇ ਆਉਣਾ
ਸਵਾਸ ਰਹਿਮਤ ਦਾ।

ਅਜ਼ੀਜ਼ ਹੈ
ਨਾਨਕ ਨੂੰ ਅੰਗ ਅੰਗ ਵਸਾ ਕੇ
ਅੰਗਦ ਹੋ ਜਾਣਾ
ਓਹਦੇ ਪੈਰਾਂ ਦੀ ਪਾਰਸ ਮਿੱਟੀ ਤੋਂ
ਸੋਨਾ ਬਣ ਜਾਣਾ।

ਅਜ਼ੀਜ਼ ਹੈ
ਦੇਹਾਂ ਦੀ ਹਲਚਲ ਲਈ ਬਦਲਦੀ
ਬ੍ਰਹਿਮੰਡ ਦੀ ਫ਼ਿਤਰਤ
ਫਿੱਕੀ ਹੋਈ ਸਿਆਹੀ ‘ਚ ਲੁਕੀ
ਅਸੀਮ ਦੀ ਉਸਤਤ।

ਅਜ਼ੀਜ਼ ਹੈ
ਦੁਨਿਆਵੀ ਸੋਚ ਦੀ ਕੈਦ ਵਿੱਚੋਂ
ਰਿਹਾ ਹੋ ਜਾਣਾ
ਬਿਰਹੋਂ ਦੀ ਚਿੰਗਾਰੀ ਲੈ ਕੇ
ਮਿਲਣੇ ਦੀ ਤਾਂਘ ਵਿੱਚ ਸੜ ਜਾਣਾ।

ਅਜ਼ੀਜ਼ ਹੈ
ਬੇਅਕਲੀ ਦੇ ਖੰਜਰ ਲਈ
ਇਲਮ ਦੀ ਢਾਲ ਬਣਾਉਣਾ
ਅੱਖਾਂ ਦੀ ਪੁਤਲੀ ਵਿੱਚ
ਸੱਜਣ ਦਾ ਜਲਵਾ ਸਮਾਉਣਾ।

ਅਜ਼ੀਜ਼ ਹੈ
ਸੁਫ਼ਨਿਆਂ 'ਚ ਵਸਦੇ ਕਾਅਬੇ ਵਿੱਚੋਂ
ਨਿੱਤ ਲੰਘਣਾ
ਮਨ ਚੰਚਲ ਦੇ ਮਕਾਨ ਨੂੰ
ਓਹਦੇ ਰੰਗਾਂ ਨਾਲ ਰੰਗਣਾ।

ਅਜ਼ੀਜ਼ ਹੈ
ਸਮੁੰਦਰ ਜਿਹੀ ਨਜ਼ਰਾਂ ਵਿੱਚ
ਸਦਾ ਲਈ ਘੁਲ ਜਾਣਾ
ਖ਼ਿਆਲਾਂ ਦੇ ਪਿਆਸੇ ਰਾਹੀ ਦਾ
ਕਵਿਤਾ ਬਣ ਜਾਣਾ।

ਅਜ਼ੀਜ਼ ਹੈ
ਮਰਹਲਾ-ਏ-ਫ਼ਲਕ ਜਿੱਤ ਕੇ
ਪੰਛੀਆਂ ਘਰ ਪਰਤ ਆਉਣਾ
ਤਕਦੀਰ ਦੇ ਵਾਲ਼ੀ ਦਾ
ਫ਼ਕੀਰ ਹੋ ਜਾਣਾ।

ਅਜ਼ੀਜ਼ ਹੈ
ਓਹਦੇ ਦਰਗਾਹ ਦੀ ਧਰਤੀ 'ਤੇ
ਪਰਿੰਦਿਆਂ ਦਾ ਅਸਮਾਨ ਸਜਾ ਦੇਣਾ
ਭਟਕੇ ਮੰਗਤਿਆਂ ਨੂੰ
ਖ਼ਲਕਤ ਦਾ ਬਾਦਸ਼ਾਹ ਬਣਾ ਦੇਣਾ।

## ਸੁਣਿਆ ਕਦੇ ?

ਸੁਣਿਆ ਕਦੇ ?
ਠਰਦੀਆਂ ਰਾਤਾਂ ਵਿੱਚ
ਸ਼ਾਂਤ ਜਿਹੇ ਗੀਤ ਧਰਤ ਦੇ।

ਸੁਣਿਆ ਕਦੇ ?
ਦਰਿਆ ਕੰਢੇ ਜਾਂਦਾ ਟੋਲਾ
ਜੋ ਤਾਰਿਆਂ ਦੀ ਛਾਂ ਹੇਠ
ਅੱਲ੍ਹਾ ਗਾ ਕੇ ਕਾਇਨਾਤ ਭਰਮਾਉਂਦਾ ਏ।

ਸੁਣਿਆ ਕਦੇ ?
ਖ਼੍ਵਾਬਾਂ 'ਚ ਆਣ ਵਸੀ
ਚਾਨਣ ਦੀ ਸਿਫ਼ਤ ਕਰਦੀ ਗ਼ਜ਼ਲ
ਮਿੱਟੀ ਦੇ ਕਣਾਂ ਦਾ ਰਾਜ਼
ਜੋ ਮਿੱਟੀ ਵਿੱਚੋਂ ਹੀ ਮਿਲਿਆ
ਜਿਨ੍ਹਾਂ ਚਮੜੀ ਦੇ ਵਿੱਚ ਮੜ੍ਹ ਕੇ
ਵਜੂਦ ਦਾ ਅਹਿਸਾਸ ਕਰਾਇਆ।

ਸੋਚਿਆ ਕਦੇ ?
ਪੁਰਖਿਆਂ ਵੱਲੋਂ ਚੁਣੇ ਰਾਹਾਂ 'ਤੇ ਵਿਛੇ
ਹਜ਼ਾਰਾਂ ਸੁਫ਼ਨਿਆਂ ਬਾਰੇ।

ਦੇਖਿਆ ਕਦੇ ?
ਸਫੇਦ ਰੌਸ਼ਨੀ ਜਿਸ ਵਿੱਚੋਂ
ਰੰਗ ਬਰੰਗੇ ਮੌਸਮ ਜਨਮ ਲੈਂਦੇ ਨੇ।

ਦੇਖਿਆ ਕਦੇ ?
ਗੁਲਾਬਾਂ ਤੋਂ ਰਸ ਭਰਦੀਆਂ ਤਿਤਲੀਆਂ ਨੂੰ
ਜੋ ਕੁਦਰਤ ਦੇ ਇਸ਼ਕ ਨੂੰ ਸਮੇਟ ਰਹੀਆਂ
ਇਸ ਜਹਾਂ ਤੋਂ, ਉਸ ਜਹਾਂ ਦੇ ਲਈ।

ਬੁੱਝਿਆ ਕਦੇ ?
ਮਨ 'ਚ ਵਸੇ ਅਜਮਲ ਚਿਹਰੇ ਨੂੰ
ਪੁਤਲੀਆਂ 'ਚ ਹੀ ਮੜ੍ਹਾਇਆ ਜਾਂਦਾ ਹੈ
ਸੀਮਾ ਦੀ ਰੇਖਾ ਮਿਟਾਉਂਦੀ ਹਰ ਸ਼ੈਅ ਬਾਰੇ
ਜੋ ਅਸੀਮਤਾ ਦੇ ਦਰਿਆ ਅੰਦਰ ਹੀ ਘੁਲ ਜਾਂਦੀ ਹੈ।

ਜਾਣਿਆ ਕਦੇ ?
ਉਸ ਰਾਜ਼ ਬਾਰੇ
ਜੋ ਅੰਤਰ ਆਤਮੇ ਛੁਪਿਆ ਹੋਇਆ
ਬ੍ਰਹਿਮੰਡ ਦੀ ਸ਼ਕਤੀ ਸਰੂਪ ਜਿਹਾ
ਤੇ ਚੇਤਨ ਕੋਈ ਸਰੂਰ ਜਿਹਾ
ਜੋ ਹਰ ਦਮ, ਹਰ ਵਕ਼ਤ
ਉਸ ਰਾਜ਼ ਦਾ ਖੋਜੀ ਹੈ।

## ਫ਼ਰਿਆਦ

ਸੁਣੋ ਮੌਲਾ ਜੀ ਫ਼ਰਿਆਦ ਫ਼ਕੀਰ ਦੀ
ਉਮਰਾਂ ਬੀਤ ਗਈਆਂ ਨੇ
ਜੀਵਨ ਦੀ ਕੋਈ ਆਸ ਦਿਖਾਓ
ਸ਼ਾਇਰੀ ਵੀ ਰੋਣ ਲੱਗੀ
ਇਸ਼ਕ ਦਾ ਅਹਿਸਾਸ ਕਰਾਓ।

ਡਾਢੀ ਤਸ਼ਨਿਗੀ ਦਿਲ ਉੱਤੇ
ਮੁਫ਼ਲਿਸ ਨੂੰ ਦੀਦਾਰ ਕਰਾਓ
ਹੁਸਨ ਬਯਾਂ ਨਹੀਂ ਹੁੰਦਾ
ਸਹੀਫ਼ਾ ਤੋਂ ਅਲਫ਼ਾਜ਼ ਫ਼ਰਮਾਓ।

ਕਲਾ ਨੂੰ ਬੁਰਕੀ ਪਾਉਣ ਦਾ
ਕੋਈ ਅਨੋਖਾ ਢੰਗ ਸਿਖਾਓ
ਮਨ ਦੇ ਅਸਮਾਨ ਖਾਲੀ ਹੋਏ
ਅੱਜ ਸੂਫ਼ੀ ਰੰਗ ਚੜਾਓ।

ਜੋ ਵਹਿੰਦੇ ਨਦੀਆਂ ਝਰਨਿਆਂ ਨਾਲ
ਕੁਦਰਤ ਦੇ ਉਹ ਖ਼੍ਵਾਬ ਸਜਾਓ
ਇਹ ਥੋੜਾ ਸਮਾਂ ਘੱਟ ਰਿਹਾ
ਜ਼ਾਜ਼ ਖ਼ਾ ਤੋਂ ਨਿਬੇੜਾ ਦਵਾਓ।

ਕੋਈ ਨਗਮਾ ਬਖਸ਼ਿਸ਼ ਬਣਕੇ ਆਇਆ
ਉਸ ਨਗਮੇ ਦੀ ਗੁੱਥੀ ਸੁਲਝਾਓ

ਅਸੀਮਤਾ ਦੀ ਤਲਬ ਅੰਦਰ
ਸਾਡਾ ਹਰ ਇਕ ਪਲ਼ ਬਣ ਜਾਓ।

ਮਨ ਧਰਤ ਦੇ ਬਾਗਾਂ ਦੇ ਵਿੱਚ
ਇਸ਼ਕ ਆਪਣੇ ਦਾ ਬੂਟਾ ਲਾਓ
ਸਮੇਂ ਦੇ ਉਤਰਾਅ ਚੜ੍ਹਾਅ ਛਡਾਕੇ
ਨਾਨਕ ਦਾ ਇਕ ਓਂਕਾਰ ਪੜ੍ਹਾਓ।

ਇਸ਼ਕ ਮੰਜ਼ਰ ਭੁੱਲਣ ਵਾਕਿਫ਼
ਖ਼੍ਵਾਬਾਂ ਨੂੰ ਆਪਣਾ ਰਾਹ ਦਿਖਾਓ
ਮੁੜ ਗਿਆ ਸਾਡੇ ਦਰ ਤੋਂ ਕਾਫ਼ਿਰ
ਸੱਚ ਕੂੜ ਦਾ ਫ਼ਰਕ ਸਿਖਾਓ।

ਭਟਕੇ ਪਿੰਡੇ ਜੰਗਲਾਂ ਦੇ ਵਿੱਚ
ਜ਼ਮਾਨੇ ਨੂੰ ਤੁਸੀਂ ਇਲਮ ਵਰਤਾਓ
ਬਿਨ ਨਾਮ ਨਾ ਕਦੇ ਬਰਕਤ ਹੋਵੇ
ਇਬਾਦਤ ਤੋਂ ਹਕੀਕਤ ਬਣ ਜਾਓ।

## ਨੂਰ

ਧਰਤ ਤੇਰਾ ਕਾਰਜ
ਅੰਬਰ ਤੇਰਾ ਸਹਿਜ

ਅੰਦਰਲਾ ਬ੍ਰਹਿਮੰਡ ਟਿਕਾਣਾ
ਤੈਨੂੰ ਹੀ ਖੋਜਣ ਜਾਣਾ
ਮਕਬੂਲ ਤੇਰੇ ਦਰਬਾਰ ਬੰਦਾ, ਪਰਿੰਦਾ
ਦੀਦਾਰ-ਏ-ਸਾਹਿਬ ਮੈਨੂੰ ਬੜਾ ਲੋੜੀਂਦਾ।

ਮਨ ਦੀ ਲੋਚ ਰੂਹਾਨੀ ਸੋਝ
ਬਿਨ ਤੇਰੇ ਨਾ ਹੋਵੇ ਖੋਜ

ਜ਼ਿੰਦਗੀ ਦੀ ਨੁਮਾਇਸ਼
ਖ਼੍ਵਾਬਾਂ ਦੀ ਅਜ਼ਮਾਇਸ਼
ਤੇਰੇ 'ਤੇ ਆਣ ਢੁਕੀ
ਇਲਾਹੀ ਮੌਸਮਾਂ ਦੀ ਫ਼ਰਮਾਇਸ਼।

ਸ਼ਬਦੇ ਆਇਆ ਰਾਹੇ ਪਾਇਆ
ਬਾਬਾ ਤੇਰੀ ਧੁਨਾਂ ਤੋਂ ਉਪਜਿਆ
ਰੂਹਾਂ ਅਨਹਦ ਨਾਦ ਵਜਾਇਆ।

ਇਕ ਹਾਫ਼ਿਜ਼-ਏ-ਹਕੀਕੀ, ਜ਼ੁਬਾਨਾਂ ਅਨੇਕ
ਮੈਂ ਇਮਲਾ-ਨਵੀਸ ਹਾਂ
ਜਾਂ ਆਣ ਵਸਿਆ ਬਿਬੇਕ

ਟੇਕ ਹੱਤਾ ਕਿਹ ਹਰ ਚੌਖਟ
ਸ਼ਾਹੋ ਸ਼ਾਹ ਦਰਵਾਜਾ।

ਖ਼ੁਦਾ-ਦਾਦ ਹਿਫ਼ਾਜ਼ਤ
ਸਿਫ਼ਤ ਕਰੇਂਦਾ ਕੋਰਾ ਕਾਗਜ਼
ਹੋਵੇ ਪਰਵਰਦਿਗਾਰ ਇਬਾਦਤ
ਇਲਮ ਅਮੀਰੀ ਦੇਣ ਇਜਾਜ਼ਤ।

ਤੂੰ ਹਾਤਿਫ਼ ਤੂੰ ਵਾਹਿਬ
ਮੇਰੇ ਅੰਦਰ ਮੇਰੇ ਬਾਹਰ
ਪ੍ਰਤੀਕ ਤੇਰਾ ਨੂਰ।

## ਸ਼ੋ੍ਮਣੀ ਅੱਖਰ-੧

ਬੱਦਲ ਗਰਜੇ
ਪੰਛੀ ਘਰਾਂ ਨੂੰ ਪਰਤੇ
ਗੁਲਾਮ ਸੋਚ ਦੇ ਕਫ਼ਸ ਖੁੱਲੇ
ਇਬਾਦਤ ਲਈ ਯਕ-ਰਾਸਤ ਬਣਿਆ
ਭਟਕੇ ਰਾਹਗੀਰਾਂ ਮੱਥਾ ਟੇਕਿਆ
ਮਿੱਟੀ ਦੇ ਕਣ ਨੱਚਣ ਲੱਗੇ
ਬਿਜਲੀਆਂ ਦੇ ਸੁੰਦਰ ਰੂਪ ਲਿਸ਼ਕੇ
ਗਿਆਨ ਵਾਲਾ ਫਿਰ ਮੇਘ ਬਰਸਿਆ
ਖਿੰਡਿਆ ਸੰਸਾਰ ਮਹਿਫ਼ੂਜ਼ ਹੋਇਆ
ਸ਼ੋ੍ਮਣੀ ਅੱਖਰਾਂ ਦਾ ਨਫ਼ੂਜ਼ ਹੋਇਆ
ਮਨ ਅੰਦਰ ਹਰਿਮੰਦਰ ਸਜੇ
ਹਰ ਵਿਹੜੇ ਹਕੀਕੀ ਸਾਜ਼ ਵੱਜੇ
ਹਕਜ਼ਾ ਹੀ ਰੂਹਾਂ ਰੋਈਆਂ
ਨਦੀਆਂ ਜ਼ਾਰੋ ਜ਼ਾਰ ਹੋਈਆਂ
ਅੱਖਰਾਂ ਨੂੰ ਲਿਖਾਰੀ ਜੋੜਨ ਲੱਗੇ
ਗ਼ਜ਼ਲ, ਕਵਿਤਾ ਤੇ ਕਹਾਣੀਆਂ ਵਾਲੇ
ਲਫ਼ਜ਼ਾਂ ਦੇ ਫਿਰ ਮੇਲੇ ਲੱਗੇ।

## ਸ਼੍ਰੋਮਣੀ ਅੱਖਰ-੨

ਉਹ ਲਾਸ਼ਾਂ ਦੇ ਮੇਲੇ ਵੜਿਆ
ਘਮਸਾਨ ਘੜਿਆ

ਵਿਚਕਾਰ ਯੋਧਾ ਸੂਰਬੀਰ ਲੜਿਆ
ਕਮਾਨ ਮਹਾਨ ਅੰਤਮ ਸ਼ਾਨ ਲੜਿਆ

ਜ਼ੁਬਾਨੇ ਗੁਰਬਰ ਅਕਾਲ
ਰੱਖਿਆ–ਏ–ਦਸਤਾਰ ਅੜਿਆ

ਨਮਨ ਦੇ ਭੇਟ ਕਿਰਪਾਨ ਲੈ ਕੇ
ਹੋਇਆ ਗੁਣ ਗਾਣ ਖ਼ੁਦਾਈ ਦਾ

ਕਾਇਨਾਤ ਦੀ ਗੋਦ ਵਿੱਚ
ਹੁਕਮ ਧਰਮ ਕਮਾਈ ਦਾ

ਵਧਿਆ ਫ਼ਤੂਰ ਪੂਰਨ ਰਿਹਾਈ ਦਾ
ਆਤਮਾ ਦਾ ਆਤਮਾ ਨੂੰ ਪਾਉਂਦੇ ਸਿਰੋਪਾਈ ਦਾ

ਜੰਗੇ ਮੈਦਾਨ ਜ਼ਖ਼ਮਾ ਗਰਜਿਆ
ਚਹੁੰ ਜੁਗੀ ਸਲਾਮਤੇ ਵਾਹ ਵਾਹ ਅਰਜ਼ਿਆ

ਧੜੀ ਦੇ ਟੋਟਿਆਂ ਲਹੂ ਵਗਿਆ
ਅਸਮਾਨ ‘ਚ ਸ਼੍ਰੋਮਣੀ ਅੱਖਰ ਵਹਿਆ

ਰੇਤੀਲਾ ਜ਼ਖਮ–ਨਾਕ ਮੈਦਾਨ
ਇਤਿਹਾਸ ਦਾ ਵਰਤਾਵਾ ਬਣਿਆ

ਨਾਮ ਦੀ ਸ਼ਾਨੋ ਸ਼ੌਕਤ ਸਦਕਾ
ਲੜਨਾ ਪਾਕੰ ਪਾਕ ਹੋਇਆ

ਦੌਰ–ਏ–ਜ਼ਮਾਨ ਮੁੜ ਸਹੀ ਹੋਇਆ
ਅਖੀਰ ਨੂੰ ਮਰਨਾ ਕਬੂਲ ਹੋਇਆ।

## ਅਸੀਂ ਜੀਅ ਚੁੱਕੇ

ਤੂੰ ਕੌਣ ਹੈਂ ?
ਵਜੂਦ ਕੀ, ਮੰਜ਼ਿਲ ਕੀ
ਪਾ ਮਖੌਟਾ ਚਲ ਪਿਆ
ਤੂੰ ਇਹ ਦੱਸ ਤੂੰ ਕੌਣ ਹੈਂ
ਕਈ ਰਾਹ ਵਿਛੇ ਪਰ ਸੱਚ ਕੀ
ਤੇਰੇ ਹੱਥਾਂ ਵਿੱਚ ਏ ਅੱਜ ਹੀ
ਕਿਉਂ ਭਾਲ ਕਰੇਂਦਾ ਕੱਲ ਦੀ
ਹੈ ਗੁਨਾਹ ਮੱਥੇ ‘ਤੇ ਆਪਣੇ
ਜੋ ਨਾਲ ਲੈ ਕੇ ਜਾਵਾਂਗੇ
ਅਸੀਂ ਜੀਅ ਚੁੱਕੇ, ਹੁਣ ਚੱਲ ਪਏ
ਫਿਰ ਮਰਨ ਲਈ ਆਵਾਂਗੇ।

ਇਹ ਹਸਰਤ ਮੁੱਕ ਜਾਏਗੀ
ਜ਼ਿੰਦਗੀ ਦਿਆਂ ਮੁਸਾਫ਼ਰਾਂ ਨੂੰ
ਇਸ਼ਕ ਸਿਖਾ ਕੇ ਜਾਏਗੀ
ਆਜ਼ਾਦੀ ਦੇ ਗੀਤਾਂ ਨੂੰ
ਫਿਰ ਆਜ਼ਾਦ ਹੋ ਕੇ ਗਾਵਾਂਗੇ
ਇਕ ਵਾਰੀ ਮਰ ਮਿਟ ਕੇ
ਨਵਾਂ ਸੁਪਨਾ ਲੈ ਕੇ ਆਵਾਂਗੇ
ਅਸੀਂ ਜੀਅ ਚੁੱਕੇ, ਹੁਣ ਚੱਲ ਪਏ
ਫਿਰ ਮਰਨ ਲਈ ਆਵਾਂਗੇ।

ਪਲ਼ ਵਿੱਚ ਰੱਬ ਮਿਲਾਉਣ ਵਾਲਿਆਂ ਤੋਂ
ਥੋੜਾ ਜਿਹਾ ਕਤਰਾਵਾਂਗੇ
ਫਿਰ ਤੇਰੇ ਰਮਜ਼ ਸਿੱਖ ਕੇ
ਇਕ ਲਫ਼ਜ਼ੀ ਸ਼ਾਹ ਅਪਨਾਵਾਂਗੇ
ਸਿਰ ਮਸਤਕ ਫ਼ਰੇਬਾਂ ਤੋਂ ਬਚਾ ਕੇ
ਨਾ ਤੇਰੇ ਦਰ ਤੋਂ ਜਾਵਾਂਗੇ
ਤਨ ਦੇ ਸੌਦਾਗਰ ਗੁਰੂਆਂ ਤੋਂ
ਮੂੰਹ ਮੋੜ ਕੇ ਲੰਘ ਜਾਵਾਂਗੇ
ਅਸੀਂ ਜੀਅ ਚੁੱਕੇ, ਹੁਣ ਚੱਲ ਪਏ
ਫਿਰ ਮਰਨ ਲਈ ਆਵਾਂਗੇ।

ਇਕ ਮੌਸਮ ਆਉਣਾ
ਇਕ ਮੌਸਮ ਬਦਲ ਜਾਣਾ
ਸਮੇਂ ਦੇ ਉਤਰਾਅ ਚੜ੍ਹਾਅ ਲਈ
ਸਭ ਆਪਣਾ ਕਰਮ ਧਿਆਉਣਾ
ਫਿਰ ਆਪਣਾ ਆਪ ਮੁਕਾ ਕੇ
ਤੇਰਾ ਤੇਰਾ ਗਾਵਾਂਗੇ
ਵਲੇ ਘਰ ਪਹੁੰਚਣ ਤੋਂ ਪਹਿਲਾਂ
ਲੱਖਾਂ ਮਰਜ਼ ਹੰਢਾਵਾਂਗੇ
ਅਸੀਂ ਜੀਅ ਚੁੱਕੇ, ਹੁਣ ਚੱਲ ਪਏ
ਫਿਰ ਮਰਨ ਲਈ ਆਵਾਂਗੇ।

# ਖ਼੍ਵਾਬ

ਅੱਖ ਦੇ ਨਜ਼ਰਾਨੇ ਤੋਂ ਸੁਨਹਿਰੇ ਚਿੱਤਰ ਬਣਦੇ ਨੇ
ਐਸੇ ਆਸ਼ਿਕ ਹੀ ਕੁਦਰਤ ਦੇ ਮਿੱਤਰ ਬਣਦੇ ਨੇ
ਬਿਨ ਕਲਾ 'ਚ ਵਿਗਸਿਆਂ ਨਾ ਮਰ ਜਾਈਏ
ਆ ਰਲ਼ ਕੇ ਖ਼੍ਵਾਬ ਸਜਾਈਏ।

ਜਿਹਦੇ ਨੂਰ 'ਚ ਵੱਸਿਆ ਮਿਹਰ ਦਾ ਵਰ ਹੈ
ਜਿਹਦਾ ਦੀਦਾਰ ਹੀ ਨਿੱਘ ਦਾ ਘਰ ਹੈ
ਐਸੇ ਸੁਲਤਾਨ ਤੋਂ ਵਿਛੋੜਾ ਨਾ ਪਾਈਏ
ਆ ਰਲ਼ ਕੇ ਖ਼੍ਵਾਬ ਸਜਾਈਏ।

ਕਾਮਯਾਬੀ ਨੂੰ ਮੋਹਰਾਂ ਦਾ ਚਾਅ ਨਾ ਸਤਾਵੇ
ਮਿਹਨਤਾਂ 'ਚੋਂ ਨਵਾਂ ਸੂਰਜ ਚੜ੍ਹਦਾ ਆਵੇ
ਕਰਮ ਇਲਮ ਦਾ ਪਾਠ ਧਿਆਈਏ
ਆ ਰਲ਼ ਕੇ ਖ਼੍ਵਾਬ ਸਜਾਈਏ।

ਮੁਕਾਮ ਵਿੱਚੋਂ ਮਕਸਦ ਮਿਲ ਜਾਂਦਾ
ਅਕਲ ਦੇ ਪੈਂਡਿਆਂ ਦਾ ਰਾਹ ਮਿਲ ਜਾਂਦਾ
ਅੰਤਰ ਯੋਧੇ ਨੂੰ ਫ਼ਾਜ਼ਿਲ ਬਣਾਈਏ
ਆ ਰਲ਼ ਕੇ ਖ਼੍ਵਾਬ ਸਜਾਈਏ।

ਧਰਤ ਗਾਵੇ, ਵਿੱਚ ਗੋਦੀ ਚਾਂਦਨੀ ਖੇਲੇ
ਅਜ਼ਾਨ ਕੰਨੀ, ਨੀਰ ਵਹੇ ਹਰ ਵੇਲੇ
ਐਸੀ ਮਨ 'ਚ ਫੁਲਵਾੜੀ ਲਾਈਏ
ਆ ਰਲ਼ ਕੇ ਖ਼੍ਵਾਬ ਸਜਾਈਏ।

ਬਹਾਦਰ, ਜ਼ੁਲਮੀ ਤਖ਼ਤ ਨਸ਼ੀਨਾ ਤੋਂ ਟਲਦੇ ਨਹੀਂ ਹੁੰਦੇ
ਆਜ਼ਾਦ ਪੰਛੀ ਕਾਲੇ ਬਦਲਾਂ 'ਚ ਕਦੇ ਝੁਕਦੇ ਨਹੀਂ ਹੁੰਦੇ
ਹੁਨਰ ਦੇ ਬਾਗ 'ਚ ਤਕਦੀਰ ਦੇ ਬੂਟੇ ਨਾ ਉਗਾਈਏ
ਆ ਰਲ਼ ਕੇ ਖ਼੍ਵਾਬ ਸਜਾਈਏ।

ਇਕ ਨੰਗੇ ਹੋ ਹੋ ਜੰਗਲਾਂ ਦੇ ਵਿੱਚ ਮਾਰਨ ਫੇਰੇ
ਖ਼ੁਦਾ ਅੰਤਰ ਵਿਗਸਦਾ ਤੇ ਢੂੰਡਣ ਚੁਫੇਰੇ
ਝੂਠ ਦੀ ਝਿਲਮਿਲ ਪਿੱਛੇ ਸੱਚ ਨਾ ਛੁਪਾਈਏ
ਆ ਰਲ਼ ਕੇ ਖ਼੍ਵਾਬ ਸਜਾਈਏ।

ਘਾਹ 'ਤੇ ਪਈ ਤ੍ਰੇਲ ਵਿੱਚੋਂ ਸੂਰਜ ਰੰਗ ਖਿੰਡਾਵੇ
ਪਿਆ ਇਸ਼ਕ ਘੁੰਘਟ ਲੈਂਦਾ ਚੰਨ ਤਾਰੇ ਰੁਸ਼ਨਾਏ
ਜ਼ੀਸਤ ਮੁਸ਼ਾਇਰੇ ਅੰਦਰ ਐਸੀਆਂ ਕਵਿਤਾਵਾਂ ਗਾਈਏ
ਆ ਰਲ਼ ਕੇ ਖ਼੍ਵਾਬ ਸਜਾਈਏ।

## ...ਹੈ ਵੇਖਿਆ

ਮਹਿੰਦੀ ਦੀ ਲਾਲੀ ਖੋਹ ਇਸ਼ਕ ਦਾ ਡੁੱਲ ਜਾਣਾ
ਬੂਹੇ ਆਈ ਮੌਤ ਦੇਖ ਹੱਸਣਾ ਭੁੱਲ ਜਾਣਾ
ਇਨ੍ਹਾਂ ਨੇ ਵੀ ਜ਼ੁਲਮ ਕਮਾ ਕੇ ਹੈ ਵੇਖਿਆ
ਮੈਂ ਸੋਚ ਦੇ ਬੰਨ੍ਹ ਤੋੜ ਕੇ ਹੈ ਵੇਖਿਆ।

ਰਾਜ ਕਰਦੀ ਹਕੂਮਤ ਜੋ ਵਿਹੜੇ ਉਜਾੜਦੀ ਰਹਿੰਦੀ
ਫਿਰ ਕਤਲ ਹੋਈ ਸੱਧਰ ਚੀਖਦੀ ਰਹਿੰਦੀ
ਪੁੰਗਰਦੇ ਆਸਾਂ ਵਾਲੇ ਫੁੱਲ 'ਚੋਂ ਆਜ਼ਾਦੀ ਨੂੰ ਹੈ ਵੇਖਿਆ
ਮੈਂ ਸਵਾਸਾਂ ਨੂੰ ਇਨਕਲਾਬ ਨਾਲ ਜੋੜ ਕੇ ਹੈ ਵੇਖਿਆ।

ਲੁੱਟਾਂ ਖੋਹਾਂ ਜੋ ਬੁਤਖ਼ਾਨੇ ਤੋੜ ਛੱਡੇ
ਹੱਜ ਤਰਸਦੇ ਨੈਣ ਜੋ ਹੱਜ ਤੋਂ ਵਿਛੋੜ ਛੱਡੇ
ਮੰਦਰ ਮਸੀਤਾਂ ਨੂੰ ਸੱਧਰਾਂ 'ਚ ਮੜ੍ਹਾ ਕੇ ਹੈ ਵੇਖਿਆ
ਮੈਂ ਚੀਕਾਂ ਨੂੰ ਜੈਕਾਰਿਆਂ ਵੱਲ ਬਦਲਦੇ ਹੈ ਵੇਖਿਆ।

ਮਨ ਦੇ ਬਦਲਦੇ ਮੌਸਮਾਂ 'ਚ
ਨੈਣਾਂ ਦੇ ਨੀਰ ਦਾ ਸੁੱਕ ਜਾਣਾ
ਉਡਾਰੀ ਭਰਦੇ ਮਨ ਦੇ ਪੰਛੀਆਂ ਦਾ
ਉਡਦੇ ਉਡਦੇ ਰਾਹਾਂ ਨੂੰ ਭੁੱਲ ਜਾਣਾ
ਅੰਦਰਲੀ ਕੁਦਰਤ ਨੂੰ ਮੁੜ ਸਜਾ ਕੇ ਹੈ ਵੇਖਿਆ
ਮੈਂ ਅੱਲ੍ਹਾ ਦਾ ਐੜਾ ਪੱਤਿਆਂ 'ਤੇ ਵਾਹ ਕੇ ਹੈ ਵੇਖਿਆ।

ਰੰਗ ਬਰੰਗੇ ਖ਼ਿਆਲ ਅੰਦਰ ਹੀ ਰੁੱਲ ਜਾਂਦੇ
ਅੱਖੀਆਂ ਰਾਹੇ ਸੂਰਤਾਂ ਦੇ ਮੁੱਲ ਪੈਂਦੇ
ਜ਼ਿੰਦਗੀ ਨੂੰ ਇਸ਼ਕ ਦੀ ਦਹਿਲੀਜ਼ ਵੱਲ ਢੋਅ ਕੇ ਹੈ ਵੇਖਿਆ
ਮੈਂ ਆਪਣੇ ਆਪ ਦਾ ਥੋੜ੍ਹਾ ਜਿਹਾ ਹੋ ਕੇ ਹੈ ਵੇਖਿਆ।

# ਪਹਿਲਾਂ ਹੰਝੂ ਚੋਏਗਾ

ਪਹਿਲਾਂ ਹੰਝੂ ਚੋਏਗਾ
ਫਿਰ ਬੱਦਲ ਗਰਜਣਗੇ
ਸਮੁੰਦਰ ਛੱਲਾਂ ਮਾਰਨਗੇ
ਕਾਇਨਾਤ ਦੇ ਢਿੱਡ ‘ਚ ਖੌਰੂ ਪਏਗਾ
ਜਦ ਰੂਹ ਅੰਬਰਾਂ ਤੱਕ ਰੋਏਗੀ
ਫੁੱਟਦਾ ਹੰਕਾਰ ਸੋਚ ‘ਤੇ ਕਬਜ਼ਾ ਕਰੇਗਾ
ਤ੍ਰਿੰਞਣਾਂ ਦਾ ਚਰਖਾ ਲਹੂ ਦੇ ਸੂਤ ਬੁਣੇਗਾ
ਬੇੜੀਆਂ ਦੇ ਪੂਰ ਝੱਖੜਾਂ ‘ਚ ਝੁਲਸਣਗੇ
ਮਹਿਕਦੇ ਗੁਲਾਬ ਮੜ੍ਹੀਆਂ ‘ਚ ਰੁਲਣਗੇ
ਸੂਰਜ ਦੀ ਹਿੱਕ ‘ਤੇ ਪਾਲਾ ਆਏਗਾ
ਮਿੱਟੀ ਨੂੰ ਮਿੱਟੀ ਦਾ ਕਣ ਤੜਪਾਏਗਾ
ਬਸੰਤ ਰੁੱਤ ਕਾਲੀ ਪਏਗੀ
ਹਰ ਕੀਮਤੀ ਸ਼ੈਅ ਲਾਲੀ ਖੋਏਗੀ
ਕਬਰਾਂ ਸਾਡੇ ਗੀਤ ਗਾਉਣਗੀਆਂ
ਨਫ਼ਰਤਾਂ ਸ਼ਗਨਾਂ ਦੀ ਮਹਿੰਦੀ ਲਾਉਣਗੀਆਂ
ਸ਼ਾਇਰ ਗਮਾਂ ਵਾਲੇ ਰਾਹ ਤੁਰੇਗਾ
ਅਗਲਾ ਸਾਹ ਕਬਰੀਂ ਦਫ਼ਨ ਹੋਏਗਾ।

## ਖ਼ੈਰਾਂ ਦੀ ਗੱਲ

ਨਹਿਰਾਂ ਦੇ ਕੰਢਿਆਂ 'ਤੇ ਦਿਲ ਟਹਿਲਦੇ
ਦਿਲਾਂ 'ਚ ਉੱਗੇ ਅੱਜ ਫੁੱਲ ਮਹਿਕਦੇ
ਨੱਚੀ ਟੱਪੀ ਜਾਏ ਫੁਲਕਾਰੀ ਖ਼ਿਆਲਾਂ ਦੀ
ਨੀ ਮਿੱਠੀਏ, ਸੁਣਾਜਾ ਆ ਕੇ ਗੱਲ ਖ਼ੈਰਾਂ ਦੀ।

ਜੋਬਨ ਰੁੱਤੇ ਖ਼ਿਆਲ ਉਡਾਰੀ ਲਾਂਵਦੇ
ਕਦੇ ਮਿਰਜ਼ਾ ਕਦੇ ਸ਼ਿਵ ਨੂੰ ਰੱਜ ਰੱਜ ਗਾਂਵਦੇ
ਬਿਰਹੋਂ ਰੜਕਾ ਰਹੀ ਝਾਂਜਰ ਤੇਰੇ ਪੈਰਾਂ ਦੀ
ਨੀ ਮਿੱਠੀਏ, ਸੁਣਾਜਾ ਆ ਕੇ ਗੱਲ ਖ਼ੈਰਾਂ ਦੀ।

ਸਾਡੇ ਤਾਂ ਚਿਰਾਂ ਦੇ ਪਏ ਖ਼ਤ ਉਡੀਕਦੇ
ਵਿਹੜੇ ਦੀਆਂ ਚਿੜੀਆਂ ਨੂੰ ਚਾਅ ਤੇਰੀ ਦੀਦ ਦੇ
ਤੇਰੇ ਬਿਨ੍ਹਾਂ ਠਰ ਜਾਂਦੀਆਂ ਇਹ ਦੁਪਹਿਰਾਂ ਨੀ
ਨੀ ਮਿੱਠੀਏ, ਸੁਣਾਜਾ ਆ ਕੇ ਗੱਲ ਖ਼ੈਰਾਂ ਦੀ।

ਤੇਰਾ ਅਹਿਸਾਸ ਮੇਰੀ ਕਲਮ ਨੂੰ ਬੜਾ ਭਾਉਂਦਾ ਏ
ਸਾਡੇ ਖ਼੍ਵਾਬਾਂ 'ਚ ਸੋਹਣਾ ਤੇਰਾ ਚਿਹਰਾ ਆਉਂਦਾ ਏ
ਸਾਂਭ ਸਾਂਭ ਰੱਖੀ ਏ ਸ਼ੈਅ ਪਿਆਰਾਂ ਦੀ
ਨੀ ਮਿੱਠੀਏ, ਸੁਣਾਜਾ ਆ ਕੇ ਗੱਲ ਖ਼ੈਰਾਂ ਦੀ।

ਪੜ੍ਹਦੇ ਸੁਣਦੇ ਲਫ਼ਜ਼ਾਂ ਤੇਰਾ ਇਤਬਾਰ ਜਿੱਤ ਲੈਣਾ ਏ
ਤੇਰੇ ਵੱਲ ਤੁਰਦਿਆਂ ਅੰਤਰ ਮਜ਼ਾਰ ਜਿੱਤ ਲੈਣਾ ਏ
ਵ-ਇੱਲਾ ਰਕਮ ਅਵੱਲੀ ਇਨ੍ਹਾਂ ਖ਼ੁਮਾਰਾਂ ਦੀ
ਨੀ ਮਿੱਠੀਏ, ਸੁਣਾਜਾ ਆ ਕੇ ਗੱਲ ਖ਼ੈਰਾਂ ਦੀ।

## ਪਿਆਰ ਵਾਲੇ ਨਗਮੇਂ

ਇਕ ਖ਼ਿਆਲਾਂ ਵਾਲੀ ਸੰਦੂਕੜੀ ਪਈ ਏ ਮੇਰੇ ਕੋਲ
ਜੋ ਮੈਂ ਤੈਨੂੰ ਦੇਣੀ ਏ
ਉਹ ਖ਼ਿਆਲ,
ਜੋ ਗੁਰ ਰਾਮਦਾਸ ਦੀਆਂ ਸਿਫ਼ਤਾਂ ਗਾਉਂਦੇ ਨੇ
ਉਹ ਖ਼ਿਆਲ,
ਜੋ ਚਿੜੀਆਂ ਜਿਹੇ ਆਜ਼ਾਦ ਨੇ
ਉਹ ਖ਼ਿਆਲ,
ਜੋ ਪਾਣੀਆਂ 'ਚ ਘੁਲ ਕੇ ਸਾਗਰਾਂ ਤੱਕ ਪਹੁੰਚੇ
ਇਕ ਸੁਨੇਹਾ ਮੇਰੇ ਦਿਲ ਦਾ ਜੋ ਦੱਬਿਆ ਪਿਆ ਏ
ਉਹ ਵੀ ਲੈ ਜਾਈਂ
ਤੇ ਪਰਦੇਸੀ ਪੰਛੀਆਂ ਨੂੰ ਮਿਲ ਆਈਂ
ਪਰਬਤਾਂ ਝੀਲਾਂ ਨੂੰ ਮੇਰਾ ਪਿਆਰ ਦਈਂ
ਕੋਇਲਾਂ ਨੂੰ ਕਹੀਂ ਮੇਰਾ ਗੀਤ ਗਾ ਲਿਆ ਕਰਨ
ਤਾਂ ਜੋ ਕੁਦਰਤ ਕੋਲ
ਮੇਰਾ ਅਹਿਸਾਸ ਜਿਉਂਦਾ ਰਹਿ ਸਕੇ
ਸਮੇਂ ਦਿਆਂ ਚੱਕਰਾਂ ਇਹ ਚਮੜੀ ਜਲਾ ਦੇਣੀ ਏ
ਮੇਰੇ ਮਨ ਵਿੱਚੋਂ ਫੁੱਟੀ ਕਲਾ ਮੁੱਕ ਜਾਣੀ ਏ
ਪਰ ਤੂੰ ਸੰਭਾਲ ਕੇ ਰੱਖੀਂ ਜਜ਼ਬਾਤ ਮੇਰੇ
ਤੇ ਪਿਆਰ ਵਾਲੇ ਨਗਮੇਂ।

## ਲਾਹੌਰ

ਦੋ ਦਿਲਾ ਐਸਾ ਗੀਤ ਗਾਇਆ
ਸਾਡੇ ਵਿਹੜੇ ਰੋਜ਼-ਏ-ਫ਼ਿਰਾਕ ਆਇਆ
ਹਾਸੇ ਕਿਲਕਾਰੀਆਂ ਤਾਰੋਂ ਪਾਰ ਰਹਿ ਗਏ
ਅੰਮੀਏ ਮੇਰਾ ਲਾਹੌਰ ਲੈ ਗਏ।

ਝੂਠੀਆਂ ਰੁੱਤਾਂ ਝੂਠੇ ਫੇਰ ਆਏ
ਬਚੇ ਸੁਫ਼ਨੇ ਵੀ ਕਫ਼ਨ 'ਚ ਢੇਰ ਆਏ
ਸਾਡੇ ਬਚਪਨ ਦੇ ਖ਼੍ਵਾਬ ਢਹਿ ਗਏ
ਅੰਮੀਏ ਮੇਰਾ ਲਾਹੌਰ ਲੈ ਗਏ।

ਇਸ਼ਕ ਖ਼ਿਆਲ ਮਿੱਟੀ 'ਚ ਦੱਬੇ ਰਹਿ ਗਏ
ਬੇਲੀਆਂ ਬਿਨ੍ਹਾਂ ਸੁੰਨੇ ਬੇਲੇ ਰਹਿ ਗਏ
ਜ਼ਖ਼ਮੀ ਹੋਣਾ ਸੀ ਪੰਜਾਬ ਕਹਿ ਗਏ
ਅੰਮੀਏ ਮੇਰਾ ਲਾਹੌਰ ਲੈ ਗਏ।

ਦੋ ਦਸਤਖ਼ਤਾਂ ਸਾਡਾ ਵਜੂਦ ਮਿਟਾਇਆ
ਆਪਣਿਆਂ ਹੀ ਆਪਣਿਆਂ 'ਤੇ ਜ਼ੁਲਮ ਕਮਾਇਆ
ਖ਼ੌਰੇ ਕਿੰਝ ਬੁੱਢੇ ਮਕਾਨ ਸਹਿ ਗਏ
ਅੰਮੀਏ ਮੇਰਾ ਲਾਹੌਰ ਲੈ ਗਏ।

ਜਿਸ ਧਰਤ ਨਾਲ ਜੁੜੀਆਂ ਨਾਨਕ ਬਾਣੀਆਂ
ਗੁੰਮ ਹੋ ਗਏ ਕਹਾਣੀਆਂ 'ਚੋਂ ਰਾਜੇ ਰਾਣੀਆਂ
ਦਰਿਆ ਤੱਕ ਓਪਰੇ ਦੇਸ ਵਹਿ ਗਏ
ਅੰਮੀਏ ਮੇਰਾ ਲਾਹੌਰ ਲੈ ਗਏ।

ਪੁਰਾਣੇ ਰਾਹਾਂ 'ਚ ਮੇਰੇ ਖ਼ਿਆਲ ਬਹਿ ਗਏ
ਹੱਕੇ ਬੱਕੇ ਬੇਹਾਲੋਂ ਬੇਹਾਲ ਰਹਿ ਗਏ
ਨਾ ਚਾਹੁੰਦਿਆਂ ਵੀ ਕਿੰਨਾ ਕੁਝ ਸਹਿ ਗਏ
ਅੰਮੀਏ ਮੇਰਾ ਲਾਹੌਰ ਲੈ ਗਏ।

## ਤੂੰ ਹੀ ਸ਼ਾਹ ਸੁਲਤਾਨ

ਹਰਿ ਹਰਿ ਹਰਿ ਨਾਮ ਜਪਾਇਓ
ਧਰਮ ਰਾਜ ਕੀ
ਖਸਮ ਕਾਜ ਕੀ
ਇਸ਼ਕ ਸਾਜ਼ ਕੀ ਬਿਰਤੀ ਬਣਾਇਓ।

ਧੰਨ ਧੰਨ ਕਰਤ ਹਮ ਲੋਗਨ
ਆਪ ਆਪਣਾ ਨੂਰ ਉਪਜਾਯੋ
ਰਛਿਆ ਕਰਤ ਪ੍ਰਹਿਲਾਦ ਜੈਸੇ
ਹਰਿ ਜਨ ਕੇ ਦੂਖ ਗਵਾਇਓ।

ਹੈ ਹੇਮਕੁੰਟ ਪਰਬਤ ਬੈਠਾ
ਤਪ ਤਪ ਤਾਪਨ ਤੁਮ ਕਰਿਓ
ਦੀਦ ਲਿਖੋ ਮਸਤਕ ਹਮਾਰੇ
ਤਨ ਮਨ ਸ਼ੰਕਾ ਸਭ ਉਤਰਿਓ
ਹਮਰਾ ਮੈਲਾ ਰੂਹਾਨੀ ਲੀੜਾ
ਝਕੋਲਿਆ ਅੰਮ੍ਰਿਤ ਸਨਮਾਨ ਦਿਵਾਇਓ।

ਸਭ ਪਰਵਾਰ ਵਾਰ ਦੀਓ
ਜਾਂਦੇ ਫ਼ਰਜ਼ੰਦੋਂ ਕੋ ਸਾਬਾਸ ਦੀਓ
ਨਾ ਡਰਤ ਹੋ
ਨਾ ਹਰਿ ਹਰਿ ਕੋ ਸਵਾਲ ਉਠਾਇਓ
ਤੂੰ ਪਾਕੰ ਪਾਕ
ਤੂੰ ਹੀ ਤੂੰ ਹੀ ਕੇ ਨਗਾਰੇ ਬਜਾਇਓ।

ਤੂੰ ਅਕਾਲੀ ਤੂੰ ਨਿਹਾਲੀ
ਤੂੰ ਵਾਲ਼ੀ ਹਮ ਪੁੱਤ੍ਰਨ ਕੇ
ਖਾਲਸ ਕੇ ਰੂਪ ਤੁਮ ਜੋ
ਆਪ ਆਪਣਾ ਹੱਥ ਧਰਿਓ।

ਰੰਗ ਲਾਗਾ ਮੇਰੇ ਮਾਹੀਆ
ਤੇਰੀ ਨਦਰਿ ਇਹ ਬੈਰਾਗ ਲਵਾਇਓ
ਤੇਰੇ ਸ਼ਬਦ ਵਾਂਗਰਾਂ ਇਸ਼ਕ ਜਿਹੇ
ਸੱਚ ਦਾ ਜੋ ਫ਼ਰਮਾਨ ਸੁਣਾਇਓ।

ਪੰਜ ਇੰਦ੍ਰੇ ਤੇਰੀ ਭਾਲ ਕਰੇਂਦੇ
ਭਰਮ ਫ਼ਰੇਬੀ ਚੱਕਰ ਮਿਟਾਇਓ
ਧੰਨ ਧੰਨ ਗੁਰ ਗੋਬਿੰਦ ਸਿੰਘ
ਜਿਨ ਖਾਲਸ ਨਿਸ਼ਾਨ ਝੁਲਾਇਓ।

ਅਬ ਹਮ ਲਿਖਤ ਹੈਂ
ਤੇਰੀ ਸਿਫ਼ਤ ਕਰਤ ਹੈਂ
ਤੇਰੇ ਨਿਕਟ ਹੈਂ।

ਤੂੰ ਧਨੀ ਧਨੀ
ਤੂੰ ਬਲੀ ਬਲੀ
ਤੂੰ ਬੇਗਰਜ਼ ਤੂੰ ਬੇਖ਼ਾਰ
ਤੂੰ ਹੀ ਸ਼ਾਹ ਸੁਲਤਾਨ
ਤੇਰੀ ਸਦਾ ਸਦਾ ਹੀ ਜੈ।

## ਵਿਸਰੀਆਂ ਅੱਖੀਆਂ

ਹਰ ਇਤਰ ਵਸਤੂ ਮੈਲ ਹੋਵਿੰਦੇ
ਜਿਸਮ ਮੁਸ਼ਕੇ ਬਿਨ ਪਾਕ ਗੋਵਿੰਦੇ
ਹੈ ਖ਼ਾਕ ਘੜਿਆ ਆਕਾਰ ਮੁੱਠੇ
ਨਾ ਛਾਓਂ ਤੇਰੀ ਤੇ ਹਰ ਸਾਹ ਝੂਠੇ
ਦੁਨੀ ਰਸ਼ਤ ਏ ਰਿਸ਼ਤਾ ਤੱਤਾ
ਰਸਾ ਯਾਰੀ ਦਾ ਫ਼ਤੂਰ ਲੱਥਾ
ਰਸਤੀ ਢੂੰਡਣ ਫ਼ਰੇਬੀ ਰਾਹੇ ਗਯੋਂ
ਮੰਜ਼ਿਲ ਬਿਖਰ ਰਸਮ ਝੋਲੀ ਪਯੋਂ
ਬੰਦੇ ਬੰਦੇ ਹਰਿ ਜਸ ਗਾਵਣ
ਖ਼ੁਸ਼ਕ ਜਾਨ ਡੋਲਣ ਸੱਟਾਂ ਖਾਵਣ
ਹੱਕ-ਗੋ ਕੋਈ ਨਾ ਲਫ਼ਜ਼ ਸੁਣਾਵੇ
ਕੰਨੀ ਸਭ ਜਿਓਂ ਮਰਜ਼ ਪਾਵੇ
ਸੜਨ ਇਕੱਠੇ ਬੇਇਲਮੀ ਮੱਥੇ
ਰਕਤ ਵਾਹੁਣ ਆਪਣੇ ਹੱਥੇ
ਵਾਸ ਭੁੱਖਾਂ ਤਿਓਂ ਗਾਲਿਆ ਬਦਨ
ਕਫ਼ਸ ਖੁਦ ਹੀ ਬਣ ਨਫ਼ਸ ਜ਼ਦਨ
ਪੁੱਤਲੇ ਥੜਾਂ ‘ਤੇ ਲਾ ਬੈਠਾ ਡੇਰਾ
ਸਿੱਖੇ ਸਿਖਾਵੇ ਮੇਰਾ ਮੇਰਾ
ਖੁਆਰ ਖ਼੍ਵਾਬ ਚਿੰਤ ਬਦੌਲਤ
ਠੋਕਰ ਮਾਰਿਓਂ ਹਰਿ ਕੀ ਦੌਲਤ
ਬਿਨ ਤੇਰੇ ਸਭ ਖੱਟੇ ਧਕੇ ਧਕੇ
ਮਸ਼ੀਖ਼ਤ ਰੰਗੇ ਜੀਭਾਂ ਬਕੇ ਬਕੇ
ਲਹੂ ਕਤਰਾ ਬਿਖ ਨਿਸ਼ਾਨੀ ਬਣ ਬਣ

ਨਾ ਗੁਜ਼ਰੇ ਪਲ ਨਾ ਤੜਫੇ ਮਨ ਤਨ
ਜ਼ੀਸਤ ਬਣੇ ਹੈ ਕਚਾਬਾਜ਼ੀ
ਤਵੀਤਾਂ ਵਿੱਚ ਭੀ ਰਹਿਣ ਰਾਜ਼ੀ
ਕਦਾ ਵੱਸੇ ਅਣਜਾਣ ਵਾਰਿਦ
ਅਨਦਿਨੁ ਮੁਗਦੇ ਧੋਖਾ ਵਾਜਿਦ
ਸ਼ਜਰ ਵਿਛੜਿਆ ਪੱਤਾ ਬੇਰੰਗੋਂ
ਰੁੱਲ ਗਿਓਂ ਪਿੱਛੇ ਫ਼ਜ਼ੂਰ ਫਰੇਬੋਂ
ਗਰ ਮਾਇਆ ਗਰਦਿਸ਼ ਖ਼ਿਆਲ ਮਸਤ
ਕੂੜੇ ਕਰਮ ਮੁਕਾਮ ਖ਼ਸਤਾ ਅਸਤ
ਕਾਫ਼ਿਰ ਮਸਤਕ ਹਕੀਕੀ ਚਾਅ ਗੁਮਾ
ਫ਼ਕੀਰ ਸੂਰਜ ਚੜੇ ਸੋ ਪਾਇਆ ਹੁਮਾ
ਜ਼ਰ ਤਾਈਂ ਭੁਰਿਆ ਮਰਿਆ ਜੋ ਭੀ ਗਰੀਬ
ਹਕਜ਼ਾ ਸੜਿਆ ਧੁਰ ਅਵਲ ਨਸੀਬ
ਜਾ-ਬ-ਜਾ ਸਿਜਦਾਏ ਐਸੋ ਕਰਦ
ਈਮਾਨ ਧਾਮ ਧੰਦੋ ਕਰਦ
ਰਾਜਨ ਦਾਮਨ ਛੱਡਿਓਂ ਦਾਸਾ
ਇਲਾਹੀ ਰਜ਼ਾ ‘ਤੇ ਕੈਸਾ ਵਾਸਾ
ਜਿਨ ਪੁਤਲੀ ਧਰੇ ਦੁਨੀ ਨਜ਼ਾਰਾ
ਅੰਧੇ ਤੋਂ ਭੀ ਮੰਦ ਬੇਚਾਰਾ
ਦੈਜੂਰ ਭਾਲੈ ਪਰਲੋ ਆਵੈ
ਖ਼੍ਵਾਬ ਰਾਖ਼ ਗਰ ਨਦਰਿ ਨਾ ਪਾਵੈ
ਪਾਂਧੇ ਰਾਮ ਗਰ ਪਈ ਕੋਤਾਹੀ
ਕਿਛ ਰਾਹੇ ਜਾਵਣ ਭਟਕੇ ਰਾਹੀ
ਅੱਲ੍ਹਾ ਅਜ਼ ਹੋ ਸਾਦਾ ਜਿਗਰ
ਮੁੱਲੇ ਗਾਵਣ ਫ਼ਿਕਰੋਂ ਫ਼ਿਕਰ।

## ਢੂੰਡ ਫਿਰੀ

ਢੂੰਡ ਰਿਹਾਂ ਮੈਂ ਮਨ ਤਨ ਅੰਦਰ
ਭੇਤ ਅਚੰਭੇ ਫ਼ਕੀਰਾਂ ਦੇ
ਫ਼ਿਕਰਾਂ ਕੋਲੋਂ ਉੱਡ ਜਾਂਦੇ
ਪੰਛੀ ਰੋਂਦੇ ਨਾ ਪਿੱਛੇ ਲਕੀਰਾਂ ਦੇ।

ਧਰਮ ਮੰਚ ਵਿੱਚ ਗੀਤ ਇਸ਼ਕ ਦਾ
ਦਰਿਆ ਜ਼ਿਕਰ ਅੱਖਰ ਕਰੇਂਦਾ
ਮਿਲਣ ਅਸੀਸਾਂ ਢੂੰਡਣ ਜਾਵਾਂ
ਲੁਕਿਆ ਅੰਮ੍ਰਿਤ ਅੰਦਰ ਵਹਿੰਦਾ।

ਕੰਬਦੇ ਹੋਠਾਂ 'ਤੇ ਆਉਂਦੀ
ਤੇਰੀ ਸਿਫ਼ਤ ਵਾਂਗਰਾਂ ਮਰਹਮ ਜਿਹੀ
ਦੁਨੀਆ ਦਾ ਸੂਰਜ ਢਲ ਜਾਂਦਾ
ਰੌਸ਼ਨ ਰੱਖੇਂ ਤੂੰ ਹਰ ਘੜੀ ਮੇਰੀ।

ਕੱਚੇ ਪੱਕੇ ਹਰ ਬਨੇਰੇ ਛੱਡ
ਸਾਡਾ ਚਾਅ ਤੇਰੇ 'ਤੇ ਜਾ ਮੁੱਕਦਾ
ਕੁਦਰਤ ਆਸ਼ਿਕਾਂ ਲੱਭ ਲਈ ਜੋ
ਕਿ ਤੇਰੀ ਅੱਖ ਦੀ ਪੁਤਲੀ ਵਿੱਚ ਚੰਦ ਲੁੱਕਦਾ।

ਤੇਰੇ ਗੁਣ ਗਾਣ ਸਾਨੂੰ ਰਮਜ਼ ਸਿਖਾਇਆ
ਇੱਥੇ ਭਾਂਤ ਭਾਂਤ ਦੀਆਂ ਬਾਤਾਂ
ਐਸੇ ਰਾਹਾਂ 'ਤੇ ਅਸੀਂ ਕੀ ਜਾਣਾ
ਜਿੱਥੇ ਅਕਲ ਤੋਂ ਉੱਚੀਆਂ ਜਾਤਾਂ।

ਵੇ ਢੂੰਡਣ ਨੂੰ ਤੂੰ ਆਪਾ ਢੂੰਡ
ਹਰ ਦਰ 'ਤੇ ਸਿਰ ਨੀ ਝੁਕਾਈਦਾ
ਜਾ ਪੁੱਛ ਲੈ ਸਰਹਿੰਦ ਦੀ ਮਿੱਟੀ ਤੋਂ
ਕਿੰਝ ਵਫ਼ਾ ਲਈ ਸਭ ਲੁਟਾਈਦਾ।

# ਨਾਨਕਾਇ

ਤੂ ਬਾਜ਼ੂ-ਸ਼ਿਕਨ ਖ਼ਾਕਾਨ ਅਸਤ
ਤੂ ਹੁਮਾ ਫਿਰੋਂ ਬਾਸਤਾਨ ਅਸਤ
ਨਕਸ਼-ਏ-ਪਰਮੂਰ ਵੈ ਰਾ ਸਿਜਦਾਇ
ਲਬ-ਖ਼ੰਦਾ ਕਿ ਫ਼ਕੀਰ ਫ਼ਨਾਇ
ਈਂ ਨੀਸਤ ਹਸਤ ਨੁਮਾ ਪੀਰ ਤੂ
ਸੁਹਾਵਨ ਸੁਪਨ ਤਾਬੀਰ ਤੂ
ਤਹਿ ਮੁਖ ਵਾਹਿਗੁਰੂ ਬੁਲਬੁਲ-ਨਵਾ
ਈਂ ਮਰਜ਼ ਬਖ਼ਸ਼ ਦੀਦਾਰ ਦਵਾ
ਖ਼ੁਮਾਰ ਅਸਾਸ ਤੇਰੈ ਦਰ ਹੱਕਾ
ਬੁੱਕਲ ਹਕਜ਼ਾ ਕਾਜ਼ੀਆਂ ਮੱਕਾ
ਤਵ ਨੂਰ ਚਲੂਲੇ ਮਸਤਕੇ
ਬ-ਤਵੱਸਤ ਵਾਲ਼ੀ ਦਸਤ ਕੇ
ਰਾਸਤੀ ਈਂ ਅਸਤ ਤਵ ਰਾਸਤ ਸਤ ਯਾਫ਼ਤਾ
ਕਦਾ ਤੇਰੈ ਟੁਰਿਆ ਖ਼ਾਕ ਇਲਮ ਯਾਫ਼ਤਾ
ਇਨ ਬਬਕ ਦਰਿਆ ਅਸੀਮ ਅਸਤ
ਨੁਗ਼ੂਲ ਪਾਤਸ਼ਾਇ ਵਾ ਅਜ਼ਲੀ ਬਸਤ
ਬ-ਜਾਨ-ਓ-ਦਿਲ ਸਿਫ਼ਤਿ ਰੰਗੋ ਰੰਗੇ
ਕਾਰ ਸਾਜ਼ ਹਮਾ ਤਸਵੀਸ ਭੰਗੇ।

## ਸਿਫ਼ਤ-ਏ-ਭਗੌਤੀ

ਸਿਫ਼ਤੋਂ ਭਗੌਤੀ ਨਾ ਹੋਏ
ਤਾਂ ਸਿਫ਼ਤੋਂ ਕੂੜ ਕਰੇ।

ਲੇਖੇ ਜੋਖੇ ਰੰਗੇ ਨੇ
ਸਭ ਗਮ ਭੰਗੇ ਨੇ
ਤੇਰੇ ਸੰਗੀਤ ਦੀਆਂ ਧੁਨਾਂ 'ਚ
ਸਾਜ਼ੋਂ ਇਸ਼ਕ ਮੰਗੇ ਨੇ।

ਰੁੱਤ ਬਸੰਤੇ ਪੱਤਝੜ ਵੜੇ
ਗਰ ਸਿਫ਼ਤੇ ਦਰਿਆਓਂ ਭਗੌਤੀ ਨਾ ਵਗੇ
ਵਰਕੇ ਉਹ ਸਭ ਰਾਖ਼ ਹੋਣ
ਜਿਨ ਕਿਛ ਹੋਰ ਘੜੇ।

ਲਿਖ ਲਿਖ ਗੁਣਗਾਣ ਕਰੇ
ਕਰੇ ਆਤਮਾ ਬ੍ਰਹਿਮੰਡ ਕੇ
ਭਗੌਤੀ ਖ਼ੈਰਾਤ ਰੰਗ ਚੜ੍ਹੇ
ਅੰਤਰ ਇਸ਼ਕ ਜਗੇ ਹਰਿ ਸੰਗ ਕੇ।

ਕਰੋੜੀ ਦੀਪ ਜਲੇ
ਚਾਨਣ ਹੋਏ ਕੁੱਲ ਦੁਨੀਆ ਰੁਸ਼ਨਾਏ
ਹਮਰੇ ਰੈਣ ਹੀ ਰੈਣ ਸੜੇ
ਗਰ ਭਗੌਤੀ ਜੀ ਨਾ ਬਾਤੀ ਬਣੇ।

ਇਹ ਲੋਇਣ ਤੇਰੀ ਭਾਲ ਤੋਂ ਭਰੇ
ਬਿਨ ਤੇਰੇ ਅਨਦਿਨੁ ਬਿਖਮੁ ਢਲੇ
ਹਜ਼ਾਰ ਜ਼ਮੀਨਾਂ ਹਜ਼ਾਰ ਜ਼ਮਾਨੇ
ਸਭ ਨਜ਼ਾਰੇ ਧੂੜ ਬਣੇ।

ਤੇਰੇ ਨੂਰ ਤੋਂ ਪਰਗਾਸਿਆ ਸੰਸਾਰ
ਲਿਸ਼ਕ ਉੱਠੀ ਬੇਰੰਗ ਬਹਾਰ
ਚਲੂਲਿਆ ਸ਼ਾਇਰ ਮਨ
ਮੁਸਕੁਰਾਇਆ ਹਰ ਜਨ।

ਤੇਰੀ ਸਿਫ਼ਤ ਕਣ ਕਣ ਕਰੇ
ਤੇਰੀ ਬਿਰਤੀ ਧੰਨ ਧੰਨ ਕਰੇ।

## ਇਸ਼ਕ ਦੀ ਨਮਾਜ਼

ਜਦ ਖ਼ਿਆਲ ਮੇਰੇ ਦੁਆ ਬਣ ਲਫ਼ਜ਼ਾਂ ‘ਚ ਪਰੋਣਗੇ
ਖ਼੍ਵਾਬਾਂ ਦੀ ਦਹਿਲੀਜ਼ ਅੰਦਰ ਨਵੇਂ ਚਾਅ ਆਉਣਗੇ
ਜਦ ਸੁੱਕੇ ਪੱਤੇ ਨਵੇਂ ਮੌਸਮ ਬੁਲਾਉਣਗੇ
ਜਦ ਪੰਛੀ ਨਦੀਆਂ ਪਹਾੜਾਂ ਦੇ ਗੀਤ ਗਾਉਣਗੇ
ਜਦ ਫੁੱਲ ਬੂਟੇ ਕਾਇਨਾਤ ਸਜਾਉਣਗੇ
ਪਿਆਸੇ ਫ਼ਕੀਰ ਪਾਣੀਆਂ ਨੂੰ ਭਾਗ ਲਾਉਣਗੇ
ਨਵੇਂ ਯੋਧੇ ਨਵੇਂ ਇਨਕਲਾਬ ਲਿਆਉਣਗੇ
ਰੂਹ ਅੰਦਰ ਬਿਰਹੋਂ ਦੇ ਗੁਬਾਰ ਆਉਣਗੇ
ਮੇਰਾ ਮਨ ਫਿਰ ਤੜਪੇਗਾ
ਮੈਂ ਫਿਰ ਇਸ਼ਕ ਦੀ ਨਮਾਜ਼ ਪੜ੍ਹਾਂਗਾ।

ਜਦ ਨਵੀਂ ਸਵੇਰ ਹਰ ਵਿਹੜੇ ਚਾਨਣ ਵੰਡੇਗੀ
ਸਵਾਬ ਪੈਂਦੀ ਕੁੱਖ ਜ਼ਿੰਦਗੀ ਦਾ ਆਗਾਜ਼ ਕਰੇਗੀ
ਜਦ ਹਜ਼ੂਰ ਦੀ ਕਲਮ ਸੋਚ ਦੇ ਬੰਨ੍ਹ ਤੋੜੇਗੀ
ਜਦ ਤਨਹਾਈ ਟਿਕਾਹ ਦੀ ਡੋਲੀ ਚੜ੍ਹੇਗੀ
ਜਦ ਵਗਦੀ ਹਵਾ ਮੇਰਾ ਹਾਲ ਘੱਲੇਗੀ
ਮੇਰੇ ਇਸ਼ਕ ਦੀ ਬਾਤ ਇਹ ਗ਼ਜ਼ਲ ਕਹੇਗੀ
ਮੇਰੇ ਇਸ਼ਕ ਤੋਂ ਬਾਅਦ ਇਹ ਬਾਤ ਰਹੇਗੀ
ਮੇਰਾ ਮਨ ਫਿਰ ਤੜਪੇਗਾ
ਮੈਂ ਫਿਰ ਇਸ਼ਕ ਦੀ ਨਮਾਜ਼ ਪੜ੍ਹਾਂਗਾ।

ਜਦ ਮਜ੍ਹਬਾਂ ਦਾ ਟੋਲਾ ਸੱਚ ਦੇ ਰਾਹ ਪਏਗਾ
ਮੁਸਲਿਮ ਰਾਮ ਗਾਉਣ ਵਾਲੀ ਨੂੰ ਮਾਂ ਕਹੇਗਾ

ਸਦਾ ਸਲਾਮਤ ਇਹ ਜਹਾਂ ਰਹੇਗਾ
ਅਸਮਾਨ ਬਾਗਾਂ ਅੰਦਰ ਰੰਗ ਬਿਖੇਰੇਗਾ
ਜਦ ਸ਼ਬਦਾਂ ਦੀ ਸੋਭਾ ਸ਼ਾਹੀ ਅਲੰਕਾਰ ਭਰੇਗਾ
ਜਦ ਸੰਘਣੇ ਪੱਤਿਆਂ ਵਿੱਚੋਂ ਸੂਰਜ ਲਿਸ਼ਕੇਗਾ
ਜਦ ਵਕ਼ਤ ਸੋਹਣਾ ਕਿਰਦਾਰ ਘੜੇਗਾ
ਮੇਰਾ ਮਨ ਫਿਰ ਤੜਪੇਗਾ
ਮੈਂ ਫਿਰ ਇਸ਼ਕ ਦੀ ਨਮਾਜ਼ ਪੜ੍ਹਾਂਗਾ।

# ਨਦੀ ਦਾ ਗੀਤ

ਇਹ ਨਦੀ ਦਾ ਗੀਤ ਹੈ
ਜਿਹੜਾ ਮੇਰੀ ਰੂਹ ਨਾਲ ਜੁੜਿਆ ਹੋਇਆ ਹੈ
ਮੇਰੇ ਸਾਹ ਇਸ ਦੀ ਸ਼ਾਇਰੀ ਦੇ ਟੋਟੇ ਨੇ
ਮੇਰੀ ਸੋਚ ਇਸ ਦੀ ਰਫ਼ਤਾਰ ਹੈ
ਇਹ ਮੈਨੂੰ ਮੇਰਾ ਵਜੂਦ ਸਿਖਾਉਂਦੀ ਹੈ
ਮੈਂ ਇਸ ਦੀ ਸਿਫ਼ਤ ਕਰਦਾ ਹਾਂ
ਅਸੀਂ ਰੁੱਖਾਂ, ਪਹਾੜਾਂ, ਬਾਗਾਂ ਦੇ
ਦੀਦਾਰ ਕੀਤੇ ਹਨ
ਸ਼ਾਮ ਦੀ ਹਵਾ ਨੇ ਸਾਡੇ ਕਿੱਸੇ ਗਾਏ ਨੇ
ਥੋੜਾ ਵਖ਼ਤ ਲੱਗਿਆ ਸਾਨੂੰ ਇਹ ਗੀਤ ਲਿਖਣ ਲਈ
ਗੀਤ ਜੋ ਸਮੋ ਲੈਂਦਾ ਹੈ ਇਸ ਜਹਾਂ
ਤੇ ਉਸ ਜਹਾਂ ਦੇ ਜਜ਼ਬਾਤ ਸਾਰੇ
ਇਹ ਗੀਤ ਜਿਸ 'ਚ ਨਦੀ ਨੇ
ਮੇਰੇ ਖ਼ਿਆਲ ਆਪਣੇ ਬਣਾ ਲਏ
ਤੇ ਛੁਪੀ ਹੋਈ ਕਲਾ ਨੂੰ ਮੁਬਾਰਕ ਮੰਨਿਆ
ਇਹ ਗੀਤ ਜਿਸ 'ਚ ਮੈਂ ਨਦੀ ਨੂੰ
ਉਸ ਦੇ ਮੰਜ਼ਰ ਬਾਰੇ ਇਤਲਾਹ ਕੀਤਾ
ਸਾਡੇ ਘਰੇ ਆਏ ਝੱਖੜਾਂ ਨੇ
ਮੇਰੀਆਂ ਗੱਲਾਂ ਤੇ ਮੇਰੇ ਇਸ਼ਕ ਨੂੰ ਨਿਖਾਰਿਆ
ਜੇ ਇਸ ਨਦੀ ਦੀ ਇਕ ਵੀ ਬੂੰਦ ਗੁੰਮ ਜਾਏ
ਤਾਂ ਮੇਰੇ ਪਿੰਡੇ ਦਾ ਪਾਣੀ ਘੱਟ ਜਾਏਗਾ
ਸਾਡੀ ਦੋਸਤੀ ਨੇ ਜ਼ਿੰਦਗੀ ਨੂੰ ਇਸ਼ਕ ਬਣਾ ਲਿਆ
ਮੌਸਮਾਂ ਨੇ ਨਵੇਂ ਮੁਸਾਫ਼ਰ ਭੇਜੇ

ਮਿੱਟੀ ਮਿਲਦੀ ਰਹੀ
ਸ਼ਾਮ ਢੱਲਦੀ ਰਹੀ
ਚੰਨ ਤਾਰਿਆਂ ਜੋ ਅੰਤਰ ਲਿਸ਼ਕਾਇਆ
ਆਪਣੇ ਆਪ ਨੂੰ ਜਾਨਣ ਲਈ
ਹੋਰ ਇਸ਼ਕ ਸਮੋ ਲੈਣ ਵਾਲਾ ਰਾਹ ਅਪਣਾਇਆ
ਇਸ ਗੀਤ ਨੇ ਵਾਦੀਆਂ ਨੂੰ ਖ਼੍ਵਾਬ ਦਿਖਾਇਆ
ਧਰਤੀ ਨੇ ਆਪਣੇ ਸੀਨੇ 'ਚ ਮਹਿਫ਼ੂਜ਼ ਰੱਖ ਲਿਆ
ਮੇਰਾ ਤੇ ਨਦੀ ਦਾ ਇਹ ਗੀਤ।

## ਮੇਰੀ ਆਤਮਾ ਪੜ੍ਹੀਂ

ਜੇ ਮੇਰਾ ਹਾਲ ਜਾਨਣਾ
ਮੇਰੇ ਦਿਲ ਦੇ ਵਰਕਿਆਂ ਤੋਂ
ਮੇਰੀ ਆਤਮਾ ਪੜ੍ਹੀਂ।

ਪੜ੍ਹੀਂ
ਮੇਰੇ ਅੰਦਰਲੇ ਸੁਲਘਦੇ ਵਿਚਾਰਾਂ ਨੂੰ
ਧਰਤ ਨੂੰ ਅੰਬਰ ਨਾਲ ਜੋੜਨ ਵਾਲੇ
ਥੋਰ ਘਰੇ ਫੁੱਲਾਂ ਦੀ ਡੋਲੀ ਤੋਰਨ ਵਾਲੇ
ਧੁੱਪਾਂ ਦੀ ਮਹਿਫ਼ਲ ‘ਚ ਪੱਤਿਆਂ ਨੂੰ ਨਚਾਉਣ ਵਾਲੇ।

ਪੜ੍ਹੀਂ
ਮੇਰੇ ਦਿਲ ਦੇ ਜਜ਼ਬਾਤ ਕੋਈ
ਜਿਹੜੇ ਕੁਦਰਤ ਦੇ ਇਸ਼ਕ ਨਾਲ ਨਿੱਖਰ ਗਏ
ਉਨ੍ਹਾਂ ਸੱਜਣਾਂ ਦੀ ਯਾਦ
ਜੋ ਅਲਵਿਦਾ ਕਹਿ ਤੁਰ ਗਏ।

ਪੜ੍ਹੀਂ
ਚੌਥੀ ਪਾਤਸ਼ਾਹੀ ਦੀਆਂ ਬਾਤਾਂ
ਮੇਰੇ ਖ਼ਿਆਲਾਂ ‘ਚ ਆਉਣਾ
ਤੇ ਹੱਥ ਫੜਕੇ
ਮਨ ‘ਚ ਸਜੀ ਕੁਦਰਤ ਦੀ ਸੈਰ ਕਰਾਉਣੀ।

ਪੜ੍ਹੀਂ
ਫੁੱਲਾਂ ਨੂੰ ਚੁੰਮ ਕੇ

ਜੋ ਪਰਿੰਦੇ ਮੁੜ ਗਏ
ਉਨ੍ਹਾਂ ਲਈ ਬਾਗਾਂ ‘ਚ ਵੱਸੇ ਇਸ਼ਕ ਦੇ ਅਹਿਸਾਸ।

ਪੜ੍ਹੀਂ
ਮੇਰੇ ਅੰਦਰ ਦੇ ਬ੍ਰਹਿਮੰਡ ਨੂੰ
ਕਿਵੇਂ ਤ੍ਰੇਲ ਦੇ ਤੁਪਕੇ ਵਾਂਗ
ਆਪਣੀ ਹੋਂਦ ਨੂੰ ਲੱਭ ਰਿਹਾਂ।

ਪੜ੍ਹੀਂ
ਕੁਝ ਕਹਾਣੀਆਂ ਜੋ ਪੰਨਿਆਂ ਤੱਕ ਆਈਆਂ ਨਹੀਂ
ਕੁਝ ਯਾਦਾਂ ਜੋ ਅੱਖਰ ਲੱਭ ਪਾਈਆਂ ਨਹੀਂ।

ਪੜ੍ਹੀਂ
ਆਜ਼ਾਦ ਮੌਸਮਾਂ ‘ਚ ਆਜ਼ਾਦੀ ਲੱਭਦੇ ਖ਼੍ਵਾਬ
ਅਰਜ਼ ਹੋਏ ਇਸ਼ਕ ਦੇ ਸ਼ੁਸ਼ੋਭਿਤ ਆਕਾਰ।

ਪੜ੍ਹੀਂ
ਖ਼ੂਨੀ ਨਦੀ ‘ਚ ਤੈਰਦੀ ਸੁਫ਼ਨਿਆਂ ਦੀ ਲਾਸ਼
ਕੁਝ ਫਟੇ ਹੋਏ ਵਰਕੇ ਵੀ ਮਿਲਣਗੇ
ਪਰ ਕਿਸੇ ਦਾ ਕਸੂਰ ਨਾ ਕੱਢੀਂ
ਮੈਨੂੰ ਪੜ੍ਹਨ ਦਾ ਫ਼ਤੂਰ ਨਾ ਛੱਡੀਂ।

ਪੜ੍ਹੀਂ
ਅੰਗ ਅੰਗ ‘ਚ ਨਾਨਕ ਲਈ ਚਾਅ
ਆਪਣੀ ਭਾਲ ‘ਚ
ਆਪਣੇ ਹੀ ਘਰ ਨੂੰ ਜਾਂਦੇ ਰਾਹ।

ਪੜ੍ਹੀਂ
ਹਸੀਨ ਘੜੀਆਂ 'ਚ ਲਿਖੇ ਸੁਹਾਵਣੇ ਗੀਤ
ਮੇਰੀ ਆਤਮਾ ਨੂੰ ਤੜਪਾ ਕੇ ਲੁੱਕ ਗਈ
ਉਸ ਰੁੱਤ ਦੀ ਕਰਾਮਾਤ।

ਪੜ੍ਹੀਂ
ਕਣੀਆਂ ਨਾਲ ਭਿੱਜੀ ਮਿੱਟੀ ਵਿੱਚ
ਹਯਾਤ ਦੀ ਤਾਂਘ
ਮੱਥੇ ਦੇ ਮੇਲੇ ਵੜੇ
ਘੋੜੀਆਂ ਗਾਉਣ ਵਾਲੇ ਅਹਿਸਾਸ।

ਪੜ੍ਹੀਂ
ਕਲਮ ਨੂੰ ਫਾਂਸੀ ਲਟਕਾਉਣ ਵਾਲੇ
ਸੋਚ ਵਿਚਾਰ
ਉਮਰਾਂ ਦੇ ਮੁਕਦੇ ਸਵਾਸ
ਤੇ ਚੜ੍ਹਦੀ ਜਵਾਨੀ ਦੇ ਇਨਕਲਾਬ ਪੜ੍ਹੀਂ।

ਪੜ੍ਹਨਾ ਹੀ ਹੈ
ਤੂੰ ਮੇਰੀ ਆਤਮਾ ਪੜ੍ਹੀਂ।

# ਪੁਰਾਣੀ ਕਲਾ

ਪੁਰਾਣੇ ਦੌਰ ਦੀ ਗੱਲ ਉੱਠੀ ਹੈ
ਅੱਜ ਦੀ ਪਹੁੰਚ ਤੋਂ ਬਾਹਰ ਫੁੱਟੀ ਹੈ
ਕੱਲ ਦੀ ਤਕਦੀਰ ਦਾ ਵੱਸ ਹੈ ਚੱਲਿਆ
ਇਸ ਪਲ਼ ਨੂੰ ਆਪਣੇ ਫ਼ਰਮਾਨ ਦਾ ਖ਼ਤ ਘੱਲਿਆ
ਨਵਿਆਂ ਖ਼੍ਵਾਬਾਂ ਨੂੰ ਬੁਰਕੀ ਨਾ ਪਾਈ
ਪੁਰਾਣੇ ਹੀ ਗੀਤ ਗਾਉਂਦੀ ਸੁੱਤੀ ਹੈ
ਬੋਲੀ ਇਹਦੀ ਚੀਰ ਫਾੜ ਕਰ ਗਈ
ਸਾਡੀਆਂ ਅਕਲਾਂ ਦੇ ਕੋਮਲ ਸਿਦਕਾਂ ਨੂੰ
ਹਰ ਖ਼ੁਮਾਰ ਅੱਜ ਦਾ ਢਾਇਆ
ਕੱਲ ਨੇ ਅੱਜ ਦੀ ਬਦਲੀ ਕਾਇਆ
ਆਉਂਦੇ ਸਮੇਂ ਦਾ ਕਸੂਰ ਨਾ ਆਇਆ
ਅੱਜ ਦੀਆਂ ਦੁਆਵਾਂ ਇਹਦੀ ਮੁੱਠੀ ਹੈ
ਮੱਥੇ ਸਾਡੇ ਚੱਕਰਾਂ ‘ਚ ਪਏ
ਪੁਰਾਣੇ ਸਮੇਂ ਨੇ ਇਮਤਿਹਾਨ ਲਏ
ਨਜ਼ਰ ਤਬਾਹ ਹੋ ਚੁੱਕੀ ਹੈ
ਨਵੇਂ ਅਸਮਾਨ ਦੀ ‘ਵਾ ਬਣਕੇ
ਪੁਰਾਣੀ ਕਲਾ ਲੁੱਤੀ ਹੈ।

## ਖ਼ਾਕ

ਖ਼ਾਕ ਤੋਂ ਉੱਠਿਆ ਹਾਂ
ਖ਼ਾਕ 'ਚ ਮਿਲ ਜਾਣਾ ਹੈ।

ਖ਼ਾਕ ਦੀਆਂ ਤਸਵੀਰਾਂ ਨੇ
ਖ਼ਾਕ ਦੀਆਂ ਤਦਬੀਰਾਂ ਨੇ
ਤੁਸੀਂ ਜ਼ਿਕਰ ਮੇਰਾ ਕਰਦੇ ਹੋ
ਮੈਂ ਹਰਫ਼ ਵੇਚ ਕੇ ਜੀਨਾ ਹਾਂ
ਕਿਉਂ ਫ਼ਿਕਰ ਮੇਰਾ ਕਰਦੇ ਹੋ
ਮੈਂ ਖ਼ਾਕ ਨਾਲ ਜ਼ਖ਼ਮ ਸੀਨਾ ਹਾਂ।

ਮੇਰਾ ਖ਼ਾਕ ਹੀ ਟਿਕਾਣਾ
ਨਾ ਜ਼ਰ ਤਖ਼ਤਾਂ 'ਤੇ ਮੈਂ ਜਾਣਾ
ਬਿਨ ਖ਼ਾਕ ਮੈਨੂੰ ਦੈਰ ਨਾ ਸੁੱਝੇ
ਮੇਰੇ ਗੋਸ਼ ਹਕੀਕੀ ਗੀਤ ਹੀ ਬੁੱਝੇ
ਜੇ ਕਿਧਰੇ ਖ਼ਾਕ ਤੋਂ ਭਟਕਿਆ ਹਾਂ
ਬੇ-ਖ਼੍ਵਾਬ ਹਾਂ, ਬੇਅੰਦਾਮ ਹਾਂ।

ਜੋ ਖਿੱਚ ਹੈ ਜੋ ਦਿੱਖ ਹੈ
ਝੋਲੀ ਮੇਰੇ ਖ਼ਾਕ ਦੀ ਭਿੱਖ ਹੈ
ਬੇਇਲਮੀ ਮਰਜ਼ ਤੋਂ ਖੋਪੜ ਬਚਾਉਣੇ ਨੇ
ਖ਼ਾਕ ਨੇ ਰਜ਼ਾ ਦੇ ਦੀਵਾਨ ਸਜਾਉਣੇ ਨੇ
ਅਪਨਾਉਣੇ ਨੇ ਖ਼ਾਕ ਨੇ ਫ਼ਰਮਾਨ ਖ਼ੁਦਾ ਕੇ
ਫਿਰ ਖ਼ਾਕ ਨੇ ਇਸ਼ਕ ਨਾਲ ਤਾਲੁਕਾਤ ਬਣਾਉਣੇ ਨੇ।

ਖ਼ਾਕ ਦਾ ਖੰਡਨ ਖ਼ਾਕ ਦੀ ਵੇਦਨਾ
ਖ਼ਾਕ ਦੇ ਕੌਤਕ ਕਿਸੇ ਰੂਹ ਨੂੰ ਭੇਦ ਨਾ

ਖ਼ਾਕ ਦੇ ਸੋਹਿਲੇ ਕੁਦਰਤ ਸਾਧਨਾ
ਖ਼ਾਕ ਦੀ ਦਸਤਕ ਸਹਿਜ ਆਵਣਾ
ਖ਼ਾਕ ‘ਚ ਲਿਪਟੀ ਹੋਂਦ ਮੇਰੀ
ਖ਼ਾਕ ਹੀ ਗਾਵੇ ਹਮਦ ਤੇਰੀ।

ਖ਼ਾਕ ਨੇ ਸਿਰਜੇ ਰੰਗ ਜਹਾਂ ਕੇ
ਖ਼ਾਕ ਤੋਂ ਉਪਜੇ ਵਾਲ਼ੀ ਦਰਬਾਰ ਕੇ
ਖ਼ਾਕ ਦੀ ਬਣਤਰ ਦੇਹਾਂ ਦੇ ਅੰਤਰ
ਜ਼ਮਾਨਾ ਗਾਉਂਦਾ ਸੋਹਿਲੇ ਦਸਤਗੀਰ ਮਹਾਨ ਕੇ
ਖ਼ਾਕ ਨੇ ਫ਼ਿਕਰਾਂ ‘ਤੇ ਫ਼ਨਾ ਨਹੀਂ ਹੋਣਾ
ਖ਼ਾਕ ਨੇ ਭਰਨੇ ਸਫ਼ੇ ਇਤਿਹਾਸ ਕੇ।

ਖ਼ਾਕ ਦੇ ਗਹਿਣੇ ਖ਼ਾਕ ਦੀ ਇਸਮਤ
ਖ਼ਾਕ ਹੀ ਰਾਜ ਹੈ ਖ਼ਾਕ ਹੀ ਤਾਜ ਹੈ
ਖ਼ਾਕ ਹੀ ਬ੍ਰਹਿਮੰਡ ਹੈ ਖ਼ਾਕ ਹੀ ਆਕਾਰ ਹੈ
ਖ਼ਾਕ ਦੀ ਦਮਕ ‘ਤੇ ਬੰਜਰ ਨਿਸਾਰ ਹੈ
ਖ਼ਾਕ ਹੀ ਜੰਨਤ ਖ਼ਾਕ ਹੀ ਦੋਜ਼ਖ ਹੈ
ਖ਼ਾਕ ਹੀ ਜਿਲਦ ਖ਼ਾਕ ਹੀ ਪਾਕ ਹੈ।

ਖ਼ਾਕ ਲਈ ਹਰ ਯੋਧਾ ਤਿਆਰ ਹੈ
ਖ਼ਾਕ ਨਾਲ ਮਿਲਿਆ ਦੁਨੀ ਅਵਤਾਰ ਹੈ
ਖ਼ਾਕ ਨੇ ਹਵਾ ਦੀ ਕਹਾਣੀ ਲਿਖਣੀ ਹੈ
ਖ਼ਾਕ ਨੇ ਰਕਮ ਜਿਸਮਾਂ ਦੀ ਲਿਖਣੀ ਹੈ
ਖ਼ਾਕ ਦੇ ਰਾਹੀਆਂ ਦਾ ਦਰਸ ਉਚੇਰਾ ਹੈ
ਖ਼ਾਕ ਦੇ ਮਸਤਕ ‘ਚ ਹਰ ਪਲ਼ ਸਵੇਰਾ ਹੈ।

ਖ਼ਾਕ ਤੋਂ ਉੱਠਿਆ ਹਾਂ
ਖ਼ਾਕ ‘ਚ ਮਿਲ ਜਾਣਾ ਹੈ।

## ਸਿਫ਼ਤ-ਏ-ਕਲਮ

ਲੜਖੜਾ ਰਿਹਾ ਸਮਾਂ
ਉਬਲ ਰਹੇ ਜਜ਼ਬਾਤ
ਵੱਧ ਰਹੀ ਹੈ ਜ਼ਹਿਮਤ
ਅਜ਼ੀਂਜਾ ਸ਼ਾਂਤ ਨਹੀਂ ਇਹ ਕਲਮ
ਮਰਜ਼ੀ–ਏ–ਮੌਲਾ ਜੋ ਬੋਲਦੀ ਇਹ
ਮੁੱਕਦੀ ਨਹੀਂ ਸਿਆਹੀ ਇਸ ਦੀ
ਫ਼ਰੇਬੀ ਕੋਲ ਵਿਕਦੀ ਨਹੀਂ
ਰਾਜ਼ ਬ੍ਰਹਿਮੰਡ ਦੇ ਖੋਲ੍ਹਦੀ ਇਹ ਕਲਮ
ਸੁਰਾਂ ਦੇ ਸਾਜ਼ ਛੇੜਦੀ ਇਹ ਕਲਮ
ਇਸ਼ਕ 'ਚ ਆਮੇਜ਼ਿਸ਼ ਕਰਦੀ ਨਹੀਂ ਇਹ ਕਲਮ
ਮੁਫ਼ਲਿਸ ਨਾਲ ਤਅੱਸੁਬ ਕਰਦੀ ਨਹੀਂ ਇਹ ਕਲਮ
ਖ਼੍ਵਾਬਾਂ ਵਿੱਚ ਰੰਗ ਭਰਦੀ ਇਹ ਕਲਮ
ਇਤਿਹਾਸ ਨੂੰ ਸਫ਼ਿਆਂ 'ਤੇ ਉਕੇਰਦੀ ਇਹ ਕਲਮ
ਸ਼ਬਦਾਂ ਨੂੰ ਲੜੀ 'ਚ ਪਰੋਂਦੀ ਇਹ ਕਲਮ
ਜ਼ੁਰਅਤੇ–ਇਜ਼ਹਾਰ ਕਰਦੀ ਇਹ ਕਲਮ
ਤਲਬਗਾਰ ਨੂੰ ਰਾਹ ਦਿਖਾਉਂਦੀ ਇਹ ਕਲਮ
ਸੁੱਤਿਆਂ ਨੂੰ ਜਗਾਉਂਦੀ ਇਹ ਕਲਮ
ਕਲਾ ਨੂੰ ਨਿਖਾਰਦੀ ਇਹ ਕਲਮ
ਹਰ ਕਫ਼ਸ ਨੂੰ ਤੋੜਨ ਦੀ ਹਿੰਮਤ ਰੱਖਦੀ ਇਹ ਕਲਮ
ਮਜ਼ਲੂਮ ਦਾ ਸਹਾਰਾ ਬਣਦੀ ਇਹ ਕਲਮ
ਇਸ ਦੀ ਕੀਮਤ ਨਹੀਂ ਪਾਈ ਜਾ ਸਕਦੀ
ਅਕਸਰ ਦਵਾਮ ਰਹਿੰਦੀ ਇਹ ਕਲਮ।

## ਕਵਿਤਾ ਦੀ ਨਬਜ਼

ਧੁੱਪਾਂ ਤੇ ਛਾਵਾਂ ਨਾਲ
ਮੌਸਮੀ ਰੁੱਤਾਂ ਦੀਆਂ ਹਵਾਵਾਂ ਨਾਲ
ਇਸ ਕਵਿਤਾ ਦੀ ਨਬਜ਼ ਜੁੜੀ।

ਫੁੱਲਾਂ ਦੇ ਰੰਗ ਖਿੜਦਿਆਂ ਨਾਲ
ਬੇੜੀ ਦੇ ਮੁਸਾਫ਼ਰ ਹੱਸਦਿਆਂ ਨਾਲ
ਇਸ ਕਵਿਤਾ ਦੀ ਨਬਜ਼ ਜੁੜੀ।

ਤੈਰਦੇ ਖ਼੍ਵਾਬਾਂ ਦੀ ਬਣਾਵਟ ਨਾਲ
ਗੂੰਜਦੇ ਫ਼ਕੀਰਾਂ ਦੀ ਆਹਟ ਨਾਲ
ਇਸ ਕਵਿਤਾ ਦੀ ਨਬਜ਼ ਜੁੜੀ।

ਗੀਤਾਂ 'ਚ ਗਰਜੇ ਜਜ਼ਬਾਤਾਂ ਨਾਲ
ਰੱਬ ਨਾਲ ਹੋਈਆਂ ਬਾਤਾਂ ਨਾਲ
ਇਸ ਕਵਿਤਾ ਦੀ ਨਬਜ਼ ਜੁੜੀ।

ਠੀਕਰਾਂ 'ਤੇ ਸਜੇ ਮਿੱਟੀ ਦੇ ਕਣ ਨਾਲ
ਮਚਲਦੇ ਰਾਜ਼ ਕੋਈ ਬ੍ਰਹਿਮੰਡ ਨਾਲ
ਇਸ ਕਵਿਤਾ ਦੀ ਨਬਜ਼ ਜੁੜੀ।

ਸੋਚਾਂ ਨੂੰ ਰਾਹੇ ਪਾਉਣ ਨਾਲ
ਸਾਹਾਂ 'ਚ ਨਾਮ ਧਿਆਉਣ ਨਾਲ
ਇਸ ਕਵਿਤਾ ਦੀ ਨਬਜ਼ ਜੁੜੀ।

ਸੂਰਜ ਦੀਆਂ ਸੁਹਾਵਣੀਆਂ ਧੁੱਪਾਂ ਨਾਲ
ਚਾਨਣ ਫੜਦੇ ਚਕੋਰ ਨਾਲ
ਇਸ ਕਵਿਤਾ ਦੀ ਨਬਜ਼ ਜੁੜੀ।

ਸੂਫ਼ੀਆਨਾ ਵਿਹੜੇ ਦੀ ਮਸਤੀ ਨਾਲ
ਉਰੋਂ ਪਾਰ ਲੈ ਜਾਂਦੀ ਕਸ਼ਤੀ ਨਾਲ
ਇਸ ਕਵਿਤਾ ਦੀ ਨਬਜ਼ ਜੁੜੀ।

## ਰਾਜਾਨੁ

ਸਾਡੀਆਂ ਰੰਗ ਖੋਖਲੀਆਂ ਰੁੱਤਾਂ
ਤੇ ਭਟਕੇ ਖੋਪੜਾਂ ਨੂੰ ਮਿਲਿਆ
ਤੇਰਾ ਅੰਬਰ ਭਰਿਆ ਚਾਨਾਣੁ ਵੇ
ਤੂੰ ਹੀ ਰਾਜਾਨੁ ਵੇ ਤੂੰ ਹੀ ਰਾਜਾਨੁ ਵੇ।

ਸਾਡੇ ਬੇਲਿਆਂ ਦੇ ਵਿੱਚ ਲੁਕੇ ਹੋਏ
ਆਜ਼ਾਦ ਹੋਏ ਨੇ ਸਾਏ ਵੇ
ਜ਼ਿਮੀਂ ਆਸਮਾਂ ਪੁੱਛਣ ਲੱਗੇ
ਕੌਣ ਬਣਿਆ ਤੇਰਾ ਤਾਣੁ ਵੇ
ਤੂੰ ਹੀ ਰਾਜਾਨੁ ਵੇ ਤੂੰ ਹੀ ਰਾਜਾਨੁ ਵੇ।

ਖ਼ਸਮ ਦੁਆਰੇ ਪੁੱਜੇ ਹੋਏ
ਸਾਡੇ ਖ਼ਿਆਲ ਤੇਰੇ ਵਿੱਚ ਰੁੱਝੇ ਹੋਏ
ਜਿਤ ਕੁਰਲਾਵੇ ਸਾਡੀ ਜਾਨ ਵੇ
ਤੂੰ ਰਾਹ ਦਿਖਾਵੇਂ ਤੂੰ ਹੀ ਸੁਜਾਣੁ ਵੇ
ਤੂੰ ਹੀ ਰਾਜਾਨੁ ਵੇ ਤੂੰ ਹੀ ਰਾਜਾਨੁ ਵੇ।

ਕੰਨ ਪੜਵਾ ਕੇ ਫੜਫੜਾਇਆ
ਨੰਗੇ ਹੋ ਕੇ ਧਰਮ ਰਚਾਇਆ
ਕੁਝ ਰਹਿ ਗਏ ਸੱਚ ਤੋਂ ਅਣਜਾਣ ਵੇ
ਐਸੇ ਫ਼ਰੇਬਾਂ ਤੋਂ ਬਚਾਵੇ ਤੇਰਾ ਗਾਣੁ ਵੇ
ਤੂੰ ਹੀ ਰਾਜਾਨੁ ਵੇ ਤੂੰ ਹੀ ਰਾਜਾਨੁ ਵੇ।

ਖ਼ਲਕਤ ਦੇ ਵਿੱਚ ਕੁੱਲੀ ਸਾਡੀ
ਵਿੱਚ ਕੂੜ ਕਰਮ ਸਮਾਨ ਵੇ
ਉਹਨਾਂ ਆਸ਼ਿਕਾਂ ਦਾ ਉੱਚਾ ਈਮਾਨ ਵੇ
ਜੋ ਤੇਰੇ ਦਰ 'ਤੇ ਹੋਣ ਪਰਵਾਣੁ ਵੇ
ਤੂੰ ਹੀ ਰਾਜਾਨੁ ਵੇ ਤੂੰ ਹੀ ਰਾਜਾਨੁ ਵੇ।

ਦੁਵਾਲਬਾਜ਼ ਰਵਈਆ ਏਕੇ ਜੈਸਾ
ਕਿੰਝ ਲੱਭਾਂ ਇਕ ਮਹਾਨ ਵੇ
ਜਿਨ ਮੁਬਾਰਕ ਰਕਮ ਇਸ਼ਕ ਕਰੇਂਦਾ
ਓਹੀ ਲਗਦਾ ਤੇਰਾ ਨੀਸਾਣੁ ਵੇ
ਤੂੰ ਹੀ ਰਾਜਾਨੁ ਵੇ ਤੂੰ ਹੀ ਰਾਜਾਨੁ ਵੇ।

ਰਸਮ ਖੇਡਾਂ ਨਾ ਖੇਡੋ ਭਾਈ
ਇਕ ਜਿੰਦੜੀ ਕਿਉਂ ਬਿਖਮੁ ਲੰਘਾਈ
ਰਤਨ ਲੱਭਣ ਕਦੇ ਅੰਦਰ ਜਾਈਂ
ਸੱਚੋ ਸੱਚ ਤੇਰਾ ਫੁਰਮਾਣੁ ਵੇ
ਤੂੰ ਹੀ ਰਾਜਾਨੁ ਵੇ ਤੂੰ ਹੀ ਰਾਜਾਨੁ ਵੇ।

ਕੁਦਰਤ ਘਰੇ ਖ਼੍ਵਾਬ ਸਜਾਉਣੇ
ਸ਼੍ਰੋਮਣੀ ਅੱਖਰ ਪੜ੍ਹ ਸੁਣਾਉਣੇ
ਅਮੋਲ ਤੇਰਾ ਇਲਮੀ ਦਾਣੁ ਵੇ
ਤੂੰ ਹੀ ਰਾਜਾਨੁ ਵੇ ਤੂੰ ਹੀ ਰਾਜਾਨੁ ਵੇ।

ਤੇਰੀ ਨਦਰਿ ਦੀ ਛਾਓਂ ਹੇਠਾਂ
ਹਰ ਸਾਹ ਜ਼ਿੰਦਗੀ ਦਾ ਵਰਦਾਨ ਵੇ
ਤੇਰੀ ਸਿਫ਼ਤ ਸਲਾਹੇ ਜੋ ਗੀਤ ਗਾਏ

ਭਗਤਾਂ ‘ਤੇ ਕਰਦੈਂ ਮਾਣੁ ਵੇ
ਤੂੰ ਹੀ ਰਾਜਾਨੁ ਵੇ ਤੂੰ ਹੀ ਰਾਜਾਨੁ ਵੇ।

ਜ਼ਰੇ ਜ਼ਰੇ ਪਾਕ ਗੋਵਿੰਦਾ
ਤੂੰ ਪਾਪ ਖੰਡਨ ਤੂੰ ਬਖ਼ਸ਼ਿੰਦਾ
ਤੇਰਾ ਨਾਮ ਹੈ ਹਰ ਦਮ ਲੋੜੀਂਦਾ
ਤੂੰ ਸਭ ਲਿਖਿਆ ਗੁਣੀ ਨਿਧਾਨੁ ਵੇ
ਤੂੰ ਹੀ ਰਾਜਾਨੁ ਵੇ ਤੂੰ ਹੀ ਰਾਜਾਨੁ ਵੇ।

ਜਿਧਰੇ ਸਾਡੀ ਨਾ ਪਛਾਣ ਵੇ
ਉੱਥੇ ਤੇਰੀ ਉੱਚੀ ਸ਼ਾਨ ਵੇ
ਫੁੱਲ ਹਵਾਵਾਂ ਜਿੱਥੇ ਮਿਲਦੇ
ਜਿੱਥੇ ਖਿੜਦੇ ਖ਼ੁਮਾਰੇ ਅਰਮਾਨ ਵੇ
ਉੱਥੇ ਸਜਿਆ ਤੇਰਾ ਦੀਵਾਣੁ ਵੇ
ਤੂੰ ਹੀ ਰਾਜਾਨੁ ਵੇ ਤੂੰ ਹੀ ਰਾਜਾਨੁ ਵੇ।

## ਖ਼ਿਆਲ

ਮੈਂ ਤੈਨੂੰ ਅਪਣਾਇਆ ਹੈ
ਆਪਣਾ ਸੰਗੀ ਬਣਾਇਆ ਹੈ
ਸਮੇਂ ਦੇ ਅੰਤ ਤੱਕ
ਹਰ ਜ਼ਹਿਮਤ ਤੋਂ ਪਰੇ
ਮਨ ਦਰਬਾਰ ਦੀ ਰੌਣਕ ਲਈ।

ਤੂੰ ਇਕ ਖ਼ਿਆਲ ਹੈਂ
ਇਕ ਜਜ਼ਬਾਤ ਹੈਂ
ਮੈਂ ਤੈਨੂੰ ਲੱਭ ਲਵਾਂਗਾ
ਏਥੇ ਹੀ ਕਿਤੇ
ਲੁਕਿਆ ਇਨ੍ਹਾਂ ਲਫ਼ਜ਼ਾਂ 'ਚ
ਜਹਾਨਾਂ 'ਚ, ਇਸ਼ਕ ਤੇ ਸ਼ਾਂਤੀ ਦੇ।

ਅਧੂਰਾ ਨਾ ਰਹਿਣ ਦਈਂ
ਮਨ ਤਖ਼ਤ 'ਤੇ ਕੋਈ ਹੋਰ ਨਾ ਬਹਿਣ ਦਈਂ
ਮੈਨੂੰ ਮੇਰਾ ਸਕੂਨ ਲਭਾਵੀਂ
ਉਸ ਖੋਈ ਹੋਈ ਕਲਾ ਦੀ ਭਾਲ 'ਚ
ਜੋ ਅੰਦਰ ਖੋਹ ਗਈ
ਉਹਨਾਂ ਲਫ਼ਜ਼ਾਂ ਦੇ ਅਹਿਸਾਸ 'ਚ
ਜੋ ਤੇਰੀ ਸਿਫ਼ਤ ਗਾ ਸਕਣ।

ਮੈਨੂੰ ਸਹਿਮਤ ਨਾ ਹੋਣ ਦਈਂ
ਤਾਂ ਕਿ ਮੈਂ ਇਹ ਭਾਲ ਨਾ ਛੱਡਾਂ
ਰੁਸਵਾਈ ਦੇ ਤੋਹਫ਼ੇ ਭੇਜੀਂ
ਮਿਲਣੇ ਦੀ ਤਾਂਘ ਭਰੀਂ

ਤਾਂ ਜੋ ਮੈਂ ਤੈਨੂੰ ਲੱਭ ਸਕਾਂ
ਹਰ ਦਵਾ ਵਿੱਚ, ਕਣੀ ਕਣੀ ਵਿੱਚ।

ਮੇਰੇ ਮਨ ਤੇ ਮੇਰੀ ਰੂਹ ਦਰਮਿਆਨ
ਮੇਰਾ ਸਕੂਨ ਭਟਕੇ
ਹਰ ਲਮਹੇ ਇਸ ਖ਼ਿਆਲ ਦੀ ਭਾਲ ਕਰੇ
ਬ੍ਰਹਿਮੰਡ 'ਚ ਮੇਰੀ ਹੋਂਦ ਲੱਭੇ
ਨਾਨਕ ਦੀ ਕੋਈ ਬਾਤ ਸਿੱਖੇ
ਮੁਹੱਬਤ ਦੇ ਖ਼੍ਵਾਬ ਬੁਣੇ
ਤਾਂ ਹੀ ਸਫ਼ਲ ਹੋਵਾਂਗਾ
ਤੈਨੂੰ ਲੱਭਣ 'ਚ
ਉਸ ਹਵਾ ਵਿੱਚ
ਜੋ ਮੇਰਾ ਮੱਥਾ ਚੁੰਮੇਗੀ
ਜੋ ਤੇਰੇ ਹੋਣ ਦਾ ਅਹਿਸਾਸ ਕਰਾਏਗੀ।

ਹਾਜ਼ਿਰ ਰਹੀਂ ਤੂੰ ਓਥੇ
ਮੈਂ ਤੈਨੂੰ ਜ਼ਰੂਰ ਮਿਲਾਂਗਾ
ਉਸ ਦਰਖ਼ਤ ਦੀ ਛਾਂ ਹੇਠਾਂ
ਜਿੱਥੇ ਸ਼ਾਇਰਾਂ ਰੱਬ ਗਾਇਆ ਸੀ
ਜਿੱਥੇ ਆਸ਼ਿਕਾਂ ਕੁਦਰਤ ਨੂੰ ਪਾਇਆ ਸੀ
ਜਿੱਥੇ ਫੁੱਲ ਝੂਮ ਉੱਠੇ ਸੀ
ਜਿੱਥੇ ਰੰਗਾਂ ਤੇਰਾ ਦਰਸ ਵਾਹਿਆ ਸੀ।

ਮੈਂ ਸੁਣਾਂਗਾ ਓਦੋਂ
ਜ਼ਮੀਨ ਤੇ ਅੰਬਰ ਵਿਚਾਲੇ ਹੁੰਦੀਆਂ ਬਾਤਾਂ ਨੂੰ
ਚੰਨ ਨੇ ਲਿਖੀਆਂ ਕਵਿਤਾਵਾਂ ਜੋ ਪ੍ਰਭਾਤਾਂ ਨੂੰ
ਤੂੰ ਮੈਨੂੰ ਏਦਾਂ ਮਿਲੀਂ ਕਿ ਮੈਂ ਖੁਦ ਨੂੰ ਮਿਲ ਜਾਵਾਂ

ਕਿ ਮੈਂ ਇਕ ਅਨੋਖੀ ਗ਼ਜ਼ਲ ਗਾਵਾਂ
ਕਿ ਮੈਂ, ਮੈਂ ਨੂੰ ਛੱਡ ਆਵਾਂ
ਕਿ ਮੈਂ ਤੂੰ ਹੀ ਹੋ ਜਾਵਾਂ।

# ਲਤੀਫ਼ਾ

ਸਰੋਂ ਮਹਿਕ ਉੱਠਣੀ, ਸੂਰਜ ਪੈਣੀ ਲਾਲੀ
ਕੋਇਲਾਂ ਨਮਨ ਕਰਨਾ, ਵਣਾਂ ਗੂੰਜਦੀ ਬਾਣੀ।

ਮਨ ਦੇ ਮੋਰਾਂ ਤੜਪਣਾ, ਨਾਨਕ ਬੁੱਕਲ ਪਾਉਣੀ
ਰੂਹਾਂ ਸਿਧਾਂਤ ਸਿੱਖਣਾ, ਮੁਸਾਫ਼ਰਾਂ ਉਸਤਤ ਗਾਉਣੀ।

ਸ਼ਾਇਰਾਂ ਗ਼ਜ਼ਲਾਂ ਗਾਉਣਾ, ਸੂਫ਼ੀਆਂ ਇਸ਼ਕ ਰਚਾਉਣਾ
ਫੁੱਲਾਂ ਮਹਿਕਾਂ ਲਾਉਣਾ, ਬਾਗਾਂ ਧਰਤ ਸਜਾਉਣੀ।

ਸੁੱਤੀ ਕਲਾ ਫੁੱਟਣੀ, ਬਿਨਸੇ ਅਕਲ ਨਿਆਣੀ
ਰੂਹ ਫ਼ਕੀਰੀ ਕਰਨੀ, ਦਿਲ ਆਮਦ ਰੁਸ਼ਨਾਉਣੀ।

ਜਨੂਨ ਉਬਾਲੇ ਮਾਰਨਾ, ਮਿਹਨਤਾਂ ਜੰਗ ਜਿਤਾਉਣੀ
ਇਨਕਲਾਬ ਕਰਮ ਧਾਰਨਾ, ਧਰਮਾਂ ਮਰਹਮ ਲਾਉਣੀ।

ਕਾਜ਼ੀਆਂ ਸੂਰਾ ਪੜ੍ਹਨਾ, ਲਫ਼ਜ਼ਾਂ ਈਦ ਮਨਾਉਣੀ
ਨਮਾਜ਼-ਏ-ਖ਼ੁਦਾ ਗਾਉਣਾ, ਸ਼ਾਮਾਂ ਦੀਦ ਕਰਾਉਣੀ।

ਜ਼ਿੰਦਗੀ ਥਾਲੀ ਪਰੋਸਣੀ, ਮੁਹੱਬਤਾਂ ਪਨਾਹ ਦੇਣੀ
ਜੁੜਦੇ ਮੰਜ਼ਰ ਰਹਿਣੇ, ਹਸਰਤ ਰਾਜ਼ੀ ਰਹਿਣੀ।

# ਖ਼ੁਦਾਇ

ਲਬ ਆਸ਼ਿਕੇ ਦਰ ਖ਼ੁਦਾਇ
ਚਾਅ ਦਿਲਾ ਐ ਘਰ ਖ਼ੁਦਾਇ
ਬੰਦੋ ਬਣ ਜਨ ਗਰ ਖ਼ੁਦਾਇ
ਹਕੀਕੀ ਦੌਲਤ ਜ਼ਰ ਖ਼ੁਦਾਇ
ਰੰਗੇ ਗਰ ਐ ਤਮ ਖ਼ੁਦਾਇ
ਭੰਗੇ ਕਾਫ਼ਾ ਗਮ ਖ਼ੁਦਾਇ
ਮਨ ਬਰਾਜ਼ ਅਸਤ ਖ਼ੁਦਾਇ
ਇਸ਼ਕ ਫ਼ਰਾ ਸਿਫ਼ਤ ਖ਼ੁਦਾਇ
ਹਰ ਜਨ ਰਾ ਗਰਦ ਖ਼ੁਦਾਇ
ਅਜ਼ੀਰਾ ਏਕ ਮਰਦ ਖ਼ੁਦਾਇ
ਚਹੁੰ ਜੁਗੀ ਵਾਹ ਵਾਹ ਖ਼ੁਦਾਇ
ਲਫ਼ਜ਼ੀ ਸ਼ਾਹੋ ਸ਼ਾਹ ਖ਼ੁਦਾਇ
ਆਬ-ਏ-ਹਯਾਤ ਦਾਨ ਖ਼ੁਦਾਇ
ਬਿਖਮੁ ਘੜੀ ਰਾ ਤਾਣ ਖ਼ੁਦਾਇ
ਜਿਨ ਅਬਰ ਦਾਦ ਖ਼ੁਦਾਇ
ਹੂ ਅਜ਼ਲੀ ਆਬਾਦ ਖ਼ੁਦਾਇ
ਯਾਦ ਹੂ ਯਾਦ ਤ ਖ਼ੁਦਾਇ
ਬੰਦਗੀ ਹੂ ਬੰਦਗੀ ਤ ਖ਼ੁਦਾਇ।

# ਪਰਲੋ

ਜੋ ਭਲੀ ਕਰੀਂ ਸਿਓਂ ਪੜ੍ਹਨੇ ਪਾਇਆ
ਮਨ ਰਾਹੀ ਤੇਰਾ ਦਰਸ ਨਾ ਗਾਇਆ
ਧਰਤ ਅਵਲ ਸੰਗ ਪ੍ਰੀਤ ਬਣਾਈ
ਫਿਰ ਵੀ ਲੱਭੇ ਮੜ੍ਹੀ ਹਰ ਥਾਈਂ।

ਧੂਫ ਧੂੜ ਦਾ ਢੰਗ ਅਪਣਾਇਆ
ਨੀਜ਼ ਮਸੀਤ 'ਚ ਯਾਰ ਨਾ ਆਇਆ
ਬੇਚੈਨ ਹਵਾ ਨੂੰ ਯਾਦ ਨਾ ਆਈ
ਨਾ ਲਿਪਟੀ ਖੁਸ਼ਬੂ ਕੁਰਬਤ ਸਾਈਂ।

ਮੁਗ਼ਲ ਹਕੂਮਤ ਜੋ ਕੁਚਲਾਇਆ
ਕੂੜ ਕਰਮ ਦਾ ਡੰਕ ਵਜਾਇਆ
ਪ੍ਰਜਾ ਵਜ੍ਹਾ ਜੇ ਜ਼ਹਿਰ ਬਣਾਈ
ਹਿੰਦੁਸਤਾਨ ਕੀ ਬਾਤ ਸੁਣਾਈ।

ਨਰਕ ਭਾਲ ਤਾਂ ਮੁਰਦ ਕਰੇਂਦੇ
ਚਾਅ ਖ਼ੁਦਾ ਕੇ ਢਾਲ ਬੁਨੇਂਦੇ
ਨਮਕ ਜਲ ਜਿਓਂ ਘੁਲ ਘੁਲ ਜਾਈ
ਵਿੱਚ ਖ਼ਾਰ ਇਸ਼ਕ ਭੁੱਲ ਖਾਈ।

ਇਲਮ ਖਜ਼ਾਨਾ ਵਰਤ ਨਾ ਪਾਇਆ
ਫ਼ਕੀਹ ਜਗ 'ਤੇ ਫ਼ਕੀਦ ਕਹਿਲਾਇਆ
ਅੰਤਰ ਕੀ ਜ਼ਮੀਨ ਹਿਲਾਈ
ਫ਼ਰੇਬਾਂ ਦੇ ਵਿੱਚ ਮਤ ਭਰਮਾਈ।

ਲਬ ਖ਼ੁਦਾ ਦੇ ਦਰ ਤੋਂ ਭਟਕਿਆ
ਵਿਕ ਜ਼ਮੀਰਾਂ ਅਟਕ ਸਿਓਂ ਪਾਇਆ
ਮੁਸ਼ਕ ਜ਼ੁਬਾਨ ‘ਤੇ ਪਰਲੋ ਆਈ
ਨਾਮ ਖ਼ੁਮਾਰੇ ਤੜਪਣ ਭਾਈ।

# ਮੈਂ ਇਸ਼ਕ ਹਾਂ

ਧਰਤ ਦੇ ਸਿਰ 'ਤੇ ਸਜੇ ਪਰਬਤਾਂ ਦਾ ਗੀਤ ਹਾਂ
ਫ਼ਲਕ ਘਰੋਂ ਪਰਤ ਆਏ ਪੰਛੀਆਂ ਦੀ ਪ੍ਰੀਤ ਹਾਂ
ਪਾਣੀਆਂ 'ਚ ਨੱਚਦੇ ਹੰਸਾਂ ਦੀ ਰੀਤ ਹਾਂ
ਕਲਮ ਵਿੱਚੋਂ ਉਮੜ ਰਹੇ ਲਫ਼ਜ਼ਾਂ ਦਾ ਮੀਤ ਹਾਂ
ਮੈਂ ਇਸ਼ਕ ਹਾਂ, ਮੇਰੇ ਅਫ਼ਸਾਨੇ ਤੋਂ ਮੇਰਾ ਦਿਲ ਵਾਕਿਫ਼ ਹੈ।

ਬੀਤੇ ਵਰ੍ਹਿਆਂ ਦਾ ਖ਼੍ਵਾਬ ਹਾਂ
ਬੱਦਲਾਂ 'ਚ ਘੁਲਿਆ ਆਬ ਹਾਂ
ਖਿੜੀਆਂ ਰੁੱਤਾਂ ਦਾ ਸਵਾਬ ਹਾਂ
ਕਿਸੇ ਸ਼ਾਮ ਦੇ ਵੇਲੇ, ਸਾਜ਼ ਦੀ ਧੜਕਣ ਬਣ
ਕਿਸੇ ਵਣ ਦੀ ਗਲਵਕੜੀ ਅੰਦਰ, ਮਰਦਾਨੇ ਦੀ ਰਬਾਬ ਹਾਂ
ਮੈਂ ਇਸ਼ਕ ਹਾਂ, ਮੇਰੇ ਅਫ਼ਸਾਨੇ ਤੋਂ ਮੇਰਾ ਦਿਲ ਵਾਕਿਫ਼ ਹੈ।

ਲਫ਼ਜ਼ਾਂ 'ਚ ਪਰੋਏ ਜਜ਼ਬਾਤਾਂ ਦਾ ਰਾਹ ਹਾਂ
ਜੇ ਮਨ ਦੇ ਵਿਹੜੇ ਨਾਨਕ ਨਹੀਂ, ਤਾਂ ਸਵਾਹ ਹਾਂ
ਪੱਤਿਆਂ ਦਾ, ਕਿਰਨਾਂ ਦਾ, ਕਣੀਆਂ ਦਾ ਗਵਾਹ ਹਾਂ
ਰੇਸ਼ਮੀ ਚਾਨਣ ਲੋਅ ਸਦਕੇ ਤਾਰਿਆਂ ਦਾ ਚਾਅ ਹਾਂ
ਮੈਂ ਇਸ਼ਕ ਹਾਂ, ਮੇਰੇ ਅਫ਼ਸਾਨੇ ਤੋਂ ਮੇਰਾ ਦਿਲ ਵਾਕਿਫ਼ ਹੈ।

ਕਾਰ ਸਾਜ਼ ਵਿੱਚ ਰੁੱਝਿਆ ਖ਼ੁਮਾਰ ਹਾਂ
ਕੁਦਰਤ ਘਰੇ ਸਜੀ ਕਵਿਤਾ ਦਾ ਸ਼ਿੰਗਾਰ ਹਾਂ
ਵਹਿੰਦੇ ਪਾਣੀਆਂ ਨਾਲ ਜੁੜੀਆਂ ਕਹਾਣੀਆਂ ਦਾ ਸਾਰ ਹਾਂ
ਆਤਮਾ ਦੇ ਮੰਦਰ ਅੰਦਰ

ਬਿਸਮਿੱਲ੍ਹਾ ਗਾ ਰਿਹਾਂ ਵਾਰ ਵਾਰ ਹਾਂ
ਮੈਂ ਇਸ਼ਕ ਹਾਂ, ਮੇਰੇ ਅਫ਼ਸਾਨੇ ਤੋਂ ਮੇਰਾ ਦਿਲ ਵਾਕਿਫ਼ ਹੈ।

ਧੂੜ ਹਾਂ, ਧੂੜ ਦਾ ਹੀ ਗੁਣਗਾਨ ਹਾਂ
ਥਿਰਕਦੇ ਅਸਮਾਨ ਓਹਲੇ ਪਰਿੰਦਿਆਂ ਲਈ ਅਜ਼ਾਨ ਹਾਂ
ਪੀੜੀਆਂ ਤੋਂ ਆਈ ਹਕੀਕੀ ਦੌਲਤਾਂ 'ਤੇ ਕੁਰਬਾਨ ਹਾਂ
ਜ਼ਿੰਦਗੀ ਦੀ ਨਮਾਜ਼ ਪੜ੍ਹਣ ਆਇਆ
ਨਿਮਾਣਾ ਜਿਹਾ ਮਹਿਮਾਨ ਹਾਂ
ਮੈਂ ਇਸ਼ਕ ਹਾਂ, ਮੇਰੇ ਅਫ਼ਸਾਨੇ ਤੋਂ ਮੇਰਾ ਦਿਲ ਵਾਕਿਫ਼ ਹੈ।

ਨਾਮ ਦੀ ਵਰਖਾ ਨਾਲ ਭਿੱਜੀ ਹੋਈ ਜ਼ਮੀਨ ਹਾਂ
ਕਾਰਜਾਂ ਦੇ ਮੱਥਿਆਂ 'ਚ ਧਰਮਾਂ ਦਾ ਯਕੀਨ ਹਾਂ
ਅੰਤਰ-ਗਤ ਸੁਣਾ ਰਹੀ ਕਿਤਾਬ ਆਫ਼ਰੀਨ ਹਾਂ
ਖ਼ਾਕ ਨੂੰ ਪਾਕ ਮੰਨਦਿਆਂ ਬਣਿਆ ਮਸਕੀਨ ਹਾਂ
ਮੈਂ ਇਸ਼ਕ ਹਾਂ, ਮੇਰੇ ਅਫ਼ਸਾਨੇ ਤੋਂ ਮੇਰਾ ਦਿਲ ਵਾਕਿਫ਼ ਹੈ।

## ਜਲਦ ਮਿਲਾਂਗੇ

ਇਸ ਤੋਂ ਪਹਿਲਾਂ ਕਿ ਇਹ ਸ਼ਬ ਮੈਨੂੰ ਲੈ ਚੱਲੇ
ਤੇ ਮੈਂ ਤੇਰੀ ਨਜ਼ਰੋਂ ਓਹਲੇ ਹੋ ਜਾਵਾਂ
ਮੈਂ ਤੈਨੂੰ ਨਮਨ ਕਰਦਾ ਹਾਂ
ਤੇਰੇ ਦਿੱਤੇ ਇਲਮ ਖ਼ਜ਼ਾਨੇ ਲਈ
ਹਯਾਤ ਦੇ ਖ਼ੂਬਸੂਰਤ ਰੰਗਾਂ ਲਈ
ਬੇਸ਼ੁਮਾਰ ਇਸ਼ਕ ਤਰੰਗਾਂ ਲਈ
ਮੇਰੇ ਦਿਲ ਨੂੰ ਆਪਣਾ ਘਰ ਬਣਾਉਣ ਲਈ
ਉਹਨਾਂ ਘੜੀਆਂ ਲਈ
ਜਦ ਤੂੰ ਮੇਰਾ ਹਕੀਮ ਬਣਿਆ
ਇਨ੍ਹਾਂ ਲਫ਼ਜ਼ਾਂ ਦੀ ਤੜਪ ਨੂੰ ਸ਼ਾਂਤ ਕਰਨ ਲਈ
ਮੇਰੇ ਸੁਫ਼ਨਿਆਂ ਦੇ ਬਾਜ਼ ਨੂੰ ਖੁੱਲ੍ਹਾ ਅਸਮਾਨ ਦਿਖਾਉਣ ਲਈ
ਮੈਂ ਤੇਰਾ ਖ਼੍ਵਾਇਸ਼ਗਰ ਰਿਹਾ ਹਾਂ
ਮੈਂ ਤੇਰੇ ਗੀਤ ਰੁੱਖਾਂ ਹਵਾਵਾਂ ਲਈ ਗਾਏ ਨੇ
ਮੈਂ ਤੇਰਾ ਨਾਮ ਪਰਦੇਸੀ ਪੰਛੀਆਂ ਨੂੰ ਸੁਣਾਇਆ ਹੈ
ਮੈਂ ਆਪਣੀ ਸਾਰੀਆਂ ਕਹਾਣੀਆਂ, ਕਵਿਤਾਵਾਂ
ਤੇਰੇ ਨਾਮ ਕਰਦਾ ਹਾਂ।

ਫ਼ਿਰਾਕ ਵੇਲਾ ਆ ਗਿਆ
ਮਲਾਹ ਉਡੀਕ ਰਿਹਾ
ਜਾਣ ਦੇ ਹੁਣ ਮੈਨੂੰ
ਤੇ ਖੋਹ ਜਾਣ ਦੇ ਦਰਿਆ-ਏ-ਕੀਰ ਵਿੱਚ
ਕੱਲ ਸਵੇਰ ਦੀ ਧੁੱਪ 'ਚ ਮਿਲਾਂਗਾ ਮੈਂ ਤੈਨੂੰ
ਮੈਂ ਉਹ ਰੌਸ਼ਨੀ ਬਣਾਂਗਾ ਜੋ ਨਿੱਘ ਦੇਵੇ
ਹਰ ਸ਼ਾਮ, ਹਰ ਮੌਸਮ, ਹਰ ਅਹਿਸਾਸ ਵਿੱਚ
ਮੈਂ ਤੇਰੀ ਉਡੀਕ ਕਰਦਾ ਰਹਾਂਗਾ
ਕਿ ਕਦੋਂ ਤੂੰ ਮੈਨੂੰ ਆਣ ਮਿਲੇਂ
ਤੇ ਮੈਂ ਤੇਰੇ ਪੈਰ ਚੁੰਮ ਸਕਾਂ।

ਚੱਲ ਹੁਣ ਇਸ ਮਿੱਠੀ ਹਵਾ ਨਾਲ ਵਹਿ ਜਾਣ ਦੇ
ਸਾਹ ਮੇਰੇ ਰਫ਼ਤਾ ਰਫ਼ਤਾ ਘੱਟ ਰਹੇ ਨੇ
ਕੁਝ ਬਚਾ ਕੇ ਵੀ ਰੱਖਣੇ ਨੇ
ਤਾਂ ਜੋ ਤੈਨੂੰ ਜਾਂਦੇ ਹੋਇਆਂ ਰਾਹ ‘ਚ ਖਲੋ ਕੇ ਤਕ ਸਕਾਂ
ਤੇ ਮਹਿਸੂਸ ਕਰ ਸਕਾਂ ਜੋ ਜ਼ਿੰਦਗੀ ਨੇ ਤੋਹਫ਼ਾ ਬਖਸ਼ਿਆ
ਮੇਰੇ ਅਗਲੇ ਸਫ਼ਰਾਂ ਲਈ ਪਿਆਰ ਤੇ ਸਹਿਜ ਦਾ ਦਾਨ ਬਖਸ਼ੀਂ
ਮੈਂ ਆਪਣੇ ਆਪ ਨੂੰ ਸਲਾਮਤ ਰਖਾਂਗਾ
ਤੇਰੇ ਅਹਿਸਾਸ ਨਾਲ, ਆਪਣੇ ਖ਼੍ਵਾਬ ਨਾਲ
ਨਵੇਂ ਰਾਹ ਮੇਰੀ ਉਡੀਕ ਕਰ ਰਹੇ ਨੇ
ਜਲਦ ਮਿਲਾਂਗੇ।



ਮਨ ਅੰਦਰ ਹਰਿਮੰਦਰ ਸਜੇ
ਹਰ ਵਿਹੜੇ ਹਕੀਕੀ ਸਾਜ਼ ਵੱਜੇ
ਹਕਜ਼ਾ ਹੀ ਰੂਹਾਂ ਰੋਈਆਂ
ਨਦੀਆਂ ਜ਼ਾਰੋ ਜ਼ਾਰ ਹੋਈਆਂ
ਅੱਖਰਾਂ ਨੂੰ ਲਿਖਾਰੀ ਜੋੜਨ ਲੱਗੇ
ਗ਼ਜ਼ਲ, ਕਵਿਤਾ ਤੇ ਕਹਾਣੀਆਂ ਵਾਲੇ
ਲਫ਼ਜ਼ਾਂ ਦੇ ਫਿਰ ਮੇਲੇ ਲੱਗੇ।

ਖ਼ੁਦਾ ਬਣਾਇ

ਖ਼ੁਦਾ ਗਵਾਇ

ਖ਼ੁਦਾਇ ਖ਼ੁਦਾਇ

ਖ਼ੁਦਾਇ ਖ਼ੁਦਾਇ



Forever Learning

ISBN 978-93-82837-74-9

9 789382 837749

www. unistarbooks.com ₹ 350/-